@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

ਦਿਲ੍ਲੀ, ਹਿਮਾਚਲ, ਹਰਿਯਾਣਾ, ਪੰਜਾਬ, ਉਤ੍ਤਰ ਪ੍ਰਦੇਸ਼, ਉਤ੍ਤਰਾਖਣ੍ਡ ਸੇ ਪ੍ਰਸਾਰਿਤ।
Thursday, 30 October 2025

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 30 ਅਕਤੂਬਰ 2025, 15 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 360, qpatrika@gmail.com ਫੋਨ : 9971359517 www.qaumipatrika.org

ਪੰਜਾਬ ਵਿੱਚ ਫੇਸਲੈੱਸ ਆਰ.ਟੀ.ਓ. ਸੇਵਾਵਾਂ ਦੀ ਸ਼ੁਰੂਆਤ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਲੁਧਿਆਣਾ, 29 ਅਕਤੂਬਰ: ਪ੍ਰਭਾਵਸ਼ਾਲੀ, ਪਾਰਦਰਸ਼ੀ ਅਤੇ ਜਵਾਬਦੇਹ ਸ਼ਾਸਨ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਲਈ ਇਕ ਹੋਰ ਨਾਗਰਿਕ ਕੇਂਦਰਿਤ ਪਹਿਲਕਦਮੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਜਨਤਾ ਦੀ ਸਹੂਲਤ ਲਈ ਫੇਸਲੈੱਸ ਆਰ.ਟੀ.ਓ. ਸੇਵਾਵਾਂ ਦੀ ਸ਼ੁਰੂਆਤ ਕੀਤੀ। ਮੁੱਖ ਮੰਤਰੀ ਨੇ ਇਸ ਸਕੀਮ ਦੀ ਸ਼ੁਰੂਆਤ ਸਮੇਂ ਭ੍ਰਿਸ਼ਟਾਚਾਰ ਦੇ ਯੁੱਗ ਨੂੰ ਖ਼ਤਮ ਕਰਨ ਦੇ ਪ੍ਰਤੀਕ ਵਜੋਂ ਇੱਥੇ ਆਰ.ਟੀ.ਓ. ਦਫ਼ਤਰ ਨੂੰ ਤਾਲਾ ਲਗਾਇਆ। ਮੀਡੀਆ ਨਾਲ ਗੱਲਬਾਤ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਹੁਣ ਤੱਕ ਸੂਬੇ ਦੇ ਲੋਕ ਨੌਕਰਸ਼ਾਹੀ ਅਤੇ ਉਸ ਦੇ ਭ੍ਰਿਸ਼ਟ ਕੰਮਾਂ ਦੇ ਗੁਲਾਮ ਬਣ ਗਏ ਸਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਇਸ ਗੁਲਾਮੀ ਤੋਂ ਮੁਕਤ ਹੋ ਗਿਆ ਹੈ ਅਤੇ ਹੁਣ ਲੋਕ 1076 'ਤੇ ਕਾਲ ਕਰ ਕੇ ਆਪਣਾ ਡਰਾਈਵਿੰਗ ਲਾਇਸੈਂਸ, ਰਜਿਸਟਰੇਸ਼ਨ ਸਰਟੀਫਿਕੇਟ ਅਤੇ ਹੋਰ ਦਸਤਾਵੇਜ਼ ਪ੍ਰਾਪਤ ਕਰ ਸਕਣਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਲੋਕਾਂ ਨੂੰ ਆਪਣਾ ਕੰਮ ਕਰਵਾਉਣ ਲਈ ਭ੍ਰਿਸ਼ਟਾਚਾਰ, ਪ੍ਰੇਸ਼ਾਨੀਆਂ ਅਤੇ ਵਿਚੋਲਿਆਂ ਤੋਂ ਆਜ਼ਾਦੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹਾ ਵਿਲੱਖਣ ਕੰਮ ਦੇਸ਼ ਵਿੱਚ ਹੀ ਨਹੀਂ, ਸਗੋਂ ਦੁਨੀਆ ਵਿੱਚ ਪਹਿਲੀ ਵਾਰ ਹੋ ਰਿਹਾ ਹੈ। 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕਾਂ ਲਈ ਇਤਿਹਾਸਕ ਦਿਨ ਹੈ ਕਿਉਂਕਿ ਪਹਿਲੀ ਵਾਰ ਸੂਬੇ ਵਿੱਚ ਫੇਸਲੈੱਸ ਆਰ.ਟੀ.ਓ. ਸੇਵਾਵਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨੂੰ ਸੱਚਮੁੱਚ ਟਰਾਂਸਪੋਰਟ ਵਿਭਾਗ ਵਿੱਚ ਡਿਜੀਟਲ ਕ੍ਰਾਂਤੀ ਕਿਹਾ ਜਾ ਸਕਦਾ ਹੈ ਕਿਉਂਕਿ ਲੋਕਾਂ ਨੂੰ ਹੁਣ ਉਨ੍ਹਾਂ ਦੇ ਘਰਾਂ ਵਿੱਚ ਹੀ ਸੇਵਾਵਾਂ ਮਿਲਣਗੀਆਂ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਡਰਾਈਵਿੰਗ ਲਾਇਸੈਂਸ ਅਤੇ ਵਾਹਨ ਰਜਿਸਟ?ਰੇਸ਼ਨ ਸਰਟੀਫਿਕੇਟ ਨਾਲ ਸਬੰਧਤ ਕੁੱਲ 56 ਪ੍ਰਮੁੱਖ ਸੇਵਾਵਾਂ ਨੂੰ ਹੁਣ ਪੂਰੀ ਤਰ੍ਹਾਂ ਫੇਸਲੈੱਸ ਕਰ ਦਿੱਤਾ ਗਿਆ ਹੈ। ਕੌਮੀ ਕਨਵੀਨਰ ਨੇ ਕਿਹਾ ਕਿ ਇਹ ਸੇਵਾਵਾਂ ਹੈਲਪਲਾਈਨ ਨੰਬਰ 1076 ਉੱਤੇ ਕਾਲ ਕਰ ਕੇ ਸੇਵਾ ਕੇਂਦਰਾਂ ਰਾਹੀਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਨਾਗਰਿਕਾਂ ਨੂੰ ਪਹਿਲਾਂ ਡਰਾਈਵਿੰਗ ਲਾਇਸੈਂਸ ਜਾਂ ਵਾਹਨ ਰਜਿਸਟਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਲਈ ਸਾਈਬਰ ਕੈਫ਼ੇ ਜਾਣਾ ਪੈਂਦਾ ਸੀ ਜਾਂ ਖ਼ੁਦ ਆਨਲਾਈਨ ਅਰਜ਼ੀ ਦੇਣੀ ਪੈਂਦੀ ਸੀ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅਰਜ਼ੀ ਦੇਣ ਤੋਂ ਬਾਅਦ ਉਨ੍ਹਾਂ ਨੂੰ ਦਸਤਾਵੇਜ਼ ਤਸਦੀਕ ਵਰਗੇ ਕੰਮਾਂ ਲਈ

ਕਈ ਵਾਰ ਆਰ.ਟੀ.ਓ. ਦਫ਼ਤਰਾਂ ਦਾ ਚੱਕਰ ਕੱਟਣਾ ਪੈਂਦਾ ਸੀ, ਜਿਸ ਕਾਰਨ ਦੂਰ-ਦੁਰਾਡੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ, ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਨੂੰ ਕਾਫ਼ੀ ਮੁਸ਼ਕਲ ਹੁੰਦੀ ਸੀ। 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਸ ਨਾਲ ਨਾ ਸਿਰਫ਼ ਲੋਕਾਂ ਦਾ ਸਮਾਂ ਤੇ ਊਰਜਾ ਲੱਗਦੀ ਹੈ, ਸਗੋਂ ਵਿੱਤੀ ਬੋਝ ਵੀ ਵਧਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਨਾਗਰਿਕਾਂ ਨੂੰ ਆਰ.ਟੀ.ਓ. ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ ਕਿਉਂਕਿ ਇਹ ਸੇਵਾਵਾਂ ਪੰਜਾਬ ਭਰ ਵਿੱਚ ਸਥਾਪਿਤ ਸੇਵਾ ਕੇਂਦਰਾਂ ਰਾਹੀਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਲਈ ਇਨ੍ਹਾਂ ਕੇਂਦਰਾਂ ਦੇ ਸਟਾਫ਼ ਨੂੰ ਸਹੀ ਢੰਗ ਨਾਲ ਸਿਖਲਾਈ ਦਿੱਤੀ ਗਈ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਸਾਰੀਆਂ ਸੇਵਾਵਾਂ ਘਰ ਬੈਠੇ ਹੈਲਪਲਾਈਨ ਨੰਬਰ 1076 'ਤੇ ਕਾਲ ਕਰ ਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਦੌਰਾਨ ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਰ.ਟੀ.ਓ. ਦਫ਼ਤਰਾਂ ਵਿੱਚ ਲੋਕਾਂ ਨੂੰ ਬਹੁਤ ਸਾਰੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਅੱਜ ਦਾ ਦਿਨ ਇਨ੍ਹਾਂ ਦਿੱਕਤਾਂ ਦੇ ਅੰਤ ਦਾ ਸੂਚਕ ਹੈ, ਜਿਸ ਨਾਲ ਆਮ ਆਦਮੀ ਨੂੰ ਬਹੁਤ ਫਾਇਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨਾਲ ਆਮ ਆਦਮੀ ਨੂੰ ਹੋਣ ਵਾਲੀ ਦਿੱਕਤ ਅਤੇ ਭ੍ਰਿਸ਼ਟਾਚਾਰ 'ਤੇ ਰੋਕ ਲਗਾਈ ਗਈ ਹੈ ਅਤੇ ਇਹ ਸੂਬਾ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਦੇ ਮੁਤਾਬਕ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਲੋਕਾਂ ਨੂੰ ਮਾਲ ਵਿਭਾਗ ਵਿਚਲੇ ਸੁਧਾਰਾਂ ਕਾਰਨ ਬਹੁਤ ਲਾਭ ਹੋਇਆ ਹੈ, ਜਿਸ ਨੇ ਲੋਕਾਂ ਨੂੰ ਵੱਡੇ ਪੱਧਰ 'ਤੇ ਅਧਿਕਾਰ ਦਿੱਤੇ ਹਨ। ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਟਰਾਂਸਪੋਰਟ ਵਿਭਾਗ ਦੇ ਕਿਸੇ ਵੀ ਕਰਮਚਾਰੀ ਨੂੰ ਨੌਕਰੀ ਤੋਂ ਨਹੀਂ ਕੱਢਿਆ ਜਾਵੇਗਾ ਅਤੇ ਸੂਬਾ ਸਰਕਾਰ ਵੱਲੋਂ ਉਨ੍ਹਾਂ ਦੀ ਯੋਗਤਾ ਅਨੁਸਾਰ ਹੋਰ ਵਿਭਾਗਾਂ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਲੋਕਾਂ ਨੂੰ ਪ੍ਰੇਸ਼ਾਨ ਕਰਨ ਲਈ ਰਿਬਨ ਕੱਟੇ ਜਾਂਦੇ ਸਨ, ਹੁਣ ਸੂਬਾ ਸਰਕਾਰ ਲੋਕਾਂ ਦੀ ਸਹੂਲਤ ਲਈ ਦਫ਼ਤਰਾਂ ਨੂੰ ਤਾਲੇ ਲਗਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ ਪੰਜਾਬ ਵਿੱਚ 19 ਟੋਲ ਪਲਾਜ਼ੇ ਬੰਦ ਕਰ ਦਿੱਤੇ ਹਨ ਤਾਂ ਜੋ ਲੋਕਾਂ ਦੀ ਬੇਲੋੜੀ ਲੁੱਟ ਨੂੰ ਰੋਕਿਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਅੱਜ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਲੋਕਾਂ ਨੂੰ ਸੁਚਾਰੂ ਢੰਗ ਨਾਲ ਸਹੂਲਤਾਂ ਪ੍ਰਦਾਨ ਕਰ ਕੇ ਆਰ.ਟੀ.ਓ. ਦਫ਼ਤਰਾਂ ਨੂੰ ਬੰਦ ਕਰ ਦਿੱਤਾ ਹੈ। ਉਨ੍ਹਾਂ ਨੇ ਜਨਤਾ ਨੂੰ ਸੂਬਾ ਸਰਕਾਰ ਦੇ ਇਸ ਵੱਡੇ ਲੋਕ-ਪੱਖੀ ਉਪਰਾਲੇ ਦਾ ਲਾਭ ਉਠਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਡਿਜੀਟਲ ਅਤੇ ਲੋਕ-ਪੱਖੀ ਫੈਸਲੇ ਲਏ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿੱਤੀ ਸਾਲ 2024-25 ਦੌਰਾਨ ਟਰਾਂਸਪੋਰਟ ਵਿਭਾਗ ਨੇ ਕੁੱਲ 29,23,390 ਅਰਜ਼ੀਆਂ ▼ਤੇ ਕਾਰਵਾਈ ਕੀਤੀ, ਜਿਨ੍ਹਾਂ ਵਿੱਚੋਂ 19,63,209 ਵਾਹਨ ਰਜਿਸਟਰੇਸ਼ਨ ਸਰਟੀਫਿਕੇਟ ਨਾਲ ਸਬੰਧਤ ਸਨ ਅਤੇ 9,60,181 ਡਰਾਈਵਿੰਗ ਲਾਇਸੈਂਸ ਸੇਵਾਵਾਂ ਨਾਲ ਸਬੰਧਤ ਸਨ। ਮੁੱਖ ਮੰਤਰੀ ਨੇ ਕਿਹਾ ਕਿ ਇੰਨੀ ਵੱਡੀ ਗਿਣਤੀ ਵਿੱਚ ਅਰਜ਼ੀਆਂ ਨੂੰ ਕੁਸ਼ਲਤਾ ਨਾਲ ਕਾਰਵਾਈ ਲਈ ਨਵਾਂ ਨਾਗਰਿਕ-ਪੱਖੀ ਮਾਡਲ ਜ਼ਰੂਰੀ ਹੈ।

ਊਧਵ ਮੁੰਬਈ ਦੇ ਖਜ਼ਾਨੇ 'ਤੇ ਕੁੰਡਲੀ ਮਾਰ ਕੇ ਬੈਠਾ ਐਨਾਕੋਂਡਾ : ਸ਼ਿੰਦੇ

ਮੁੰਬਈ, 29 ਅਕਤੂਬਰ। ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਮੰਗਲਵਾਰ ਨੂੰ ਸ਼ਿਵ ਸੈਨਾ (ਉਬਾਠਾ) ਮੁਖੀ ਊਧਵ ਠਾਕਰੇ 'ਤੇ ਜ਼ੋਰਦਾਰ ਹਮਲਾ ਕਰਦੇ ਹੋਏ ਉਨ੍ਹਾਂ ਦੀ ਤੁਲਨਾ ਇਕ ਅਜਿਹੇ ਐਨਾਕੋਂਡਾ ਨਾਲ ਕੀਤੀ, ਜਿਸਦੀ ਭੁੱਖ ਕਦੇ ਖਤਮ ਨਹੀਂ ਹੁੰਦੀ ਅਤੇ ਜੋ ਮੁੰਬਈ ਦੇ ਖਜ਼ਾਨੇ 'ਤੇ ਕੁੰਡਲੀ ਮਾਰ ਕੇ ਬੈਠਾ ਹੋਇਆ ਹੈ। ਸ਼ਿੰਦੇ ਦੀ ਇਹ ਟਿੱਪਣੀ ਠਾਕਰੇ ਦੇ ਉਸ ਬਿਆਨ ਦੇ ਇਕ ਦਿਨ ਬਾਅਦ ਆਈ ਹੈ, ਜਿਸ 'ਚ ਸ਼ਿਵ ਸੈਨਾ (ਉਬਾਠਾ) ਮੁਖੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਐਨਾਕੋਂਡਾ ਕਿਹਾ ਸੀ, ਜੋ ਮੁੰਬਈ ਨੂੰ ਨਿਗਲਣਾ ਚਾਹੁੰਦਾ ਹੈ। ਉਪ ਮੁੱਖ ਮੰਤਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ, "ਜੋ ਲੋਕ (ਦੂਜਿਆਂ ਨੂੰ) ਐਨਾਕੋਂਡਾ ਕਹਿੰਦੇ ਹਨ ਉਹ ਖੁਦ ਐਨਾਕੋਂਡਾ ਹਨ, ਜੋ ਮੁੰਬਈ ਦੇ ਖਜ਼ਾਨੇ 'ਤੇ ਕੁੰਡਲੀ ਮਾਰ ਕੇ ਬੈਠੇ ਹੋਏ ਹਨ। ਇਸ ਐਨਾਕੋਂਡਾ ਦੀ ਖਾਸੀਅਤ ਇਹ ਹੈ ਕਿ ਇਸਦਾ ਢਿੱਡ ਕਦੇ ਨਹੀਂ ਭਰਦਾ।" ਸ਼ਿੰਦੇ ਨੇ ਵਿਰੋਧੀ ਪਾਰਟੀ 'ਤੇ ਲੱਗੇ ਘਪਲਿਆਂ ਦੇ ਦੋਸ਼ਾਂ ਦਾ ਜ਼ਿਕਰ ਕਰਦੇ ਹੋਏ ਕਿਹਾ, "ਉਨ੍ਹਾਂ ਮੁੰਬਈ, ਉਸਦੇ ਖਜ਼ਾਨੇ, ਕਈ ਪਲਾਟ, ਇੱਥੋਂ ਤੱਕ ??ਕਿ ਮਰੀਜ਼ਾਂ ਲਈ ਖਿਚੜੀ (ਕੋਵਿਡ-19 ਮਹਾਮਾਰੀ ਦੌਰਾਨ) ਨੂੰ ਵੀ ਨਿਗਲ ਲਿਆ। ਇੱਥੋਂ ਤੱਕ ??ਕਿ ਮਿੱਠੀ ਨਦੀ ਦੀ ਗਾਰ ਕੱਢਣ 'ਚ ਵੀ ਭ੍ਰਿਸ਼ਟਾਚਾਰ ਕੀਤਾ। ਇਸ ਐਨਾਕੋਂਡਾ ਦੀ ਭੁੱਖ ਕਦੇ ਖਤਮ ਨਹੀਂ ਹੁੰਦੀ।"

ਭਾਰਤ ਦਾ ਸਮੁੰਦਰੀ ਖੇਤਰ ਤੇਜ਼ ਰਫ਼ਤਾਰ ਤੇ ਊਰਜਾ ਨਾਲ ਕਰ ਰਿਹੈ ਤਰੱਕੀ : ਮੋਦੀ

ਕੌਮੀ ਪਤ੍ਰਿਕਾ

ਮੁੰਬਈ 29 ਅਕਤੂਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਭਾਰਤ ਦਾ ਸਮੁੰਦਰੀ ਖੇਤਰ ਤੇਜ਼ ਰਫ਼ਤਾਰ ਤੇ ਊਰਜਾ ਨਾਲ ਤਰੱਕੀ ਕਰ ਰਿਹਾ ਹੈ। ਦੇਸ਼ ਦੀਆਂ ਬੰਦਰਗਾਹਾਂ ਹੁਣ ਸਭ ਵਿਕਾਸਸ਼ੀਲ ਦੇਸ਼ਾਂ ਨਾਲੋਂ ਵੀ ਵਧੀਆ ਗਿਣੀਆਂ ਜਾਂਦੀਆਂ ਹਨ।ਬੁੱਧਵਾਰ ਮੁੰਬਈ 'ਚ ਇੰਡੀਅਨ ਮੈਰੀਟਾਈਮ ਵੀਕ 2025 ਦੌਰਾਨ 'ਮੈਰੀਟਾਈਮ ਲੀਡਰਜ਼' ਕਨਕਲੇਵ"ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਅਸੀਂ ਇਕ ਸਦੀ ਤੋਂ ਵੱਧ ਪੁਰਾਣੇ ਬਸਤੀਵਾਦੀ ਸ਼ਿਪਿੰਗ ਕਾਨੂੰਨਾਂ ਨੂੰ 21ਵੀਂ ਸਦੀ ਲਈ ਢੁਕਵੇਂ ਆਧੁਨਿਕ ਤੇ ਅਗਾਂਹਵਧੂ ਕਾਨੂੰਨਾਂ ਨਾਲ ਬਦਲ ਦਿੱਤਾ ਹੈ।ਉਨ੍ਹਾਂ ਕਿਹਾ ਕਿ ਅੱਜ ਭਾਰਤ ਦੀਆਂ ਬੰਦਰਗਾਹਾਂ ਵਿਕਾਸਸ਼ੀਲ ਦੇਸ਼ਾਂ 'ਚ ਸਭ ਤੋਂ ਵੱਧੀਆ ਹਨ। ਕਈ ਪੱਖੋਂ ਤਾਂ ਉਹ ਵਿਕਸਤ ਦੇਸ਼ਾਂ ਦੀਆਂ ਬੰਦਰਹਾਹਾਂ ਨੂੰ ਵੀ ਪਛਾੜ ਰਹੀਆਂ ਹਨ। ਨਵੇਂ ਸ਼ਿਪਿੰਗ ਕਾਨੂੰਨ ਰਾਜ ਸਮੁੰਦਰੀ ਬੋਰਡਾਂ ਦੀ ਭੂਮਿਕਾ ਨੂੰ ਮਜ਼ਬੂਤ ??ਕਰਦੇ ਹਨ । ਨਾਲ ਹੀ ਬੰਦਰਗਾਹ ਪ੍ਰਬੰਧਨ 'ਚ ਡਿਜੀਟਲ ਤਕਨਾਲੋਜੀਆਂ ਦੇ ਏਕੀਕਰਨ ਨੂੰ ਉਤਸ਼ਾਹਿਤ ਵੀ ਕਰਦੇ ਹਨ। ਮੋਦੀ ਨੇ ਕਿਹਾ ਕਿ 'ਭਾਰਤ ਦੇ

ਸਮੁੰਦਰੀ ਦ੍ਰਿਸ਼ਟੀਕੋਣ' ਅਧੀਨ 150 ਤੋਂ ਵੱਧ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਦੇ ਨਤੀਜੇ ਵਜੋਂ ਸਮੁੰਦਰੀ ਖੇਤਰ 'ਚ ਅਹਿਮ ਸੁਧਾਰ ਹੋਏ ਹਨ। ਭਾਰਤ ਦੀਆਂ ਪ੍ਰਮੁੱਖ ਬੰਦਰਗਾਹਾਂ ਦੀ ਸਮਰੱਥਾ ਦੁੱਗਣੀ ਹو ਗਈ ਹੈ। ਟਰਨਅਰਾਊਂਡ ਸਮਾਂ ਕਾਫ਼ੀ ਘੱਟ ਗਿਆ ਹੈ ਟਰਨਅਰਾਊਂਡ ਸਮਾਂ ਕਿਸੇ ਪ੍ਰਾਜੈਕਟ ਦੀ ਸ਼ੁਰੂਆਤ ਤੋਂ ਲੈ ਕੇ ਉਸ ਦੇ ਪੂਰਾ ਹੋਣ ਤੱਕ ਲੱਗਣ ਵਾਲੇ ਸਮੇਂ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਕਰੂਜ਼ ਸੈਰ-ਸਪਾਟਾ ਕਾਫ਼ੀ ਵਧਿਆ ਹੈ। ਅੰਦਰੂਨੀ ਜਲ ਮਾਰਗਾਂ 'ਚ ਵੀ ਕਾਫ਼ੀ ਵਾਧਾ ਹੋਇਆ ਹੈ ਤੇ ਕਾਰਗੋ ਆਵਾਜਾਈ 700 ਫੀਸਦੀ ਤੋਂ ਵੱਧ ਵਧੀ ਹੈ।ਉਨ੍ਹਾਂ ਕਿਹਾ ਕਿ ਸੰਚਾਲਨ ਜਲ ਮਾਰਗਾਂ ਦੀ ਗਿਣਤੀ ਜੋ ਪਹਿਲਾਂ ਸਿਰਫ਼ ਤਿੰਨ ਸੀ, ਹੁਣ ਵਧ ਕੇ 32 ਹੋ ਗਈ ਹੈ। ਇਹ ਇਕ ਪ੍ਰਭਾਵਸ਼ਾਲੀ ਪ੍ਰਾਪਤੀ ਹੈ। ਇਸ ਤੋਂ ਇਲਾਵਾ ਪਿਛਲੇ ਦਹਾਕੇ 'ਚ ਸਾਡੀਆਂ ਬੰਦਰਗਾਹਾਂ ਦਾ ਸ਼ੁੱਧ ਸਾਲਾਨਾ ਵਾਧਾ 9 ਗੁਣਾ ਹੋਇਆ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਸਮੁੰਦਰੀ ਖੇਤਰ ਭਾਰਤ ਦੇ ਵਿਕਾਸ ਨੂੰ ਅੱਗੇ ਵਧਾ ਰਿਹਾ ਹੈ। ਪਿਛਲੇ ਦਹਾਕੇ 'ਚ ਇਸ 'ਚ ਸ਼ਾਨਦਾਰ ਤਬਦੀਲੀ ਆਈ ਹੈ, ਜਿਸ ਨਾਲ ਵਪਾਰ ਤੇ ਬੰਦਰਗਾਹਾਂ ਦੇ ਬੁਨਿਆਦੀ ਢਾਂਚੇ ਨੂੰ ਹੁਲਾਰਾ ਮਿਲਿਆ ਹੈ।

ਗੁਰਪੁਰਬ ਤੋਂ ਪਹਿਲਾਂ ਸਿੱਖ ਸੰਗਤਾਂ ਲਈ ਵੱਡੀ ਖ਼ੁਸ਼ਖ਼ਬਰੀ !

ਨਵੀਂ ਦਿੱਲੀ 29 ਅਕਤੂਬਰ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਹਾਈ ਕਮਿਸ਼ਨ ਨੇ ਭਾਰਤ ਦੇ ਸਿੱਖ ਯਾਤਰੀਆਂ ਲਈ 2100 ਤੋਂ ਵੱਧ ਵੀਜ਼ੇ ਜਾਰੀ ਕੀਤੇ ਹਨ। ਇਹ ਵੀਜ਼ੇ 4 ਤੋਂ 13 ਨਵੰਬਰ 2025 ਤੱਕ ਪਾਕਿਸਤਾਨ 'ਚ ਹੋਣ ਵਾਲੇ ਸਮਾਗਮਾਂ ਵਿੱਚ ਸ਼ਮੂਲੀਅਤ ਲਈ ਜਾਰੀ ਕੀਤੇ ਗਏ ਹਨ। ਪਾਕਿਸਤਾਨ ਹਾਈ ਕਮਿਸ਼ਨ ਨੇ ਐਕਸ 'ਤੇ ਪੋਸਟ ਕਰਦਿਆਂ ਕਿਹਾ, "ਨਵੀਂ ਦਿੱਲੀ ਵਿਚ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੇ ਭਾਰਤੀ ਸਿੱਖ ਯਾਤਰੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਸਮਾਰੋਹਾਂ ਵਿਚ ਹਿੱਸਾ ਲੈਣ ਲਈ 2100 ਤੋਂ ਵੱਧ ਵੀਜ਼ੇ ਜਾਰੀ ਕੀਤੇ ਹਨ। ਇਸ ਤੋਂ ਪਹਿਲਾਂ, ਦਿੱਲੀ ਦੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਸੀ ਕਿ ਸਿੱਖ ਜਥੇ ਪਾਕਿਸਤਾਨ ਜਾ ਸਕਣਗੇ। ਉਨ੍ਹਾਂ ਨੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਤਣਾਅਪੂਰਨ ਭਾਰਤ-ਪਾਕਿਸਤਾਨ ਸੰਬੰਧਾਂ ਦੇ ਬਾਵਜੂਦ ਧਾਰਮਿਕ ਸਬੰਧਾਂ ਦੀ ਨਿਰੰਤਰਤਾ ਕਾਇਮ ਰੱਖੀ ਗਈ ਹੈ। ਇਹ ਯਾਤਰਾ 1974 ਦੇ ਭਾਰਤ-ਪਾਕਿਸਤਾਨ ਦੋ-ਪੱਖੀ ਸਮਝੌਤੇ ਅਧੀਨ ਕੀਤੀ ਜਾ ਰਹੀ ਹੈ, ਜਿਸਦਾ ਉਦੇਸ਼ ਦੋਵਾਂ ਦੇਸ਼ਾਂ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਸਹੂਲਤ ਦੇਣਾ

ਔਰਤਾਂ 'ਤੇ ਹੋਣ ਵਾਲੇ ਅੱਤਿਆਚਾਰਾਂ 'ਤੇ ਦਿਹਾਤੀ ਪੁਲਸ ਅਧਿਕਾਰੀ ਨਹੀਂ

ਕੌਮੀ ਪਤ੍ਰਿਕਾ

ਜਲੰਧਰ 29 ਅਕਤੂਬਰ। ਇਕ ਪਾਸੇ ਪੂਰੇ ਦੇਸ਼ ਦੇ ਲੋਕ ਔਰਤਾਂ 'ਤੇ ਹੋਣ ਵਾਲੇ ਅੱਤਿਆਚਾਰਾਂ 'ਤੇ ਨਕੇਲ ਕੱਸਣ ਲਈ ਕਈ ਵਾਰ ਸੜਕਾਂ 'ਤੇ ਪ੍ਰਦਰਸ਼ਨ ਕਰ ਚੁੱਕੇ ਹਨ, ਸਰਕਾਰਾਂ ਵੀ ਔਰਤਾਂ ਨੂੰ ਇਨਸਾਫ ਦਿਵਾਉਣ ਲਈ ਕਈ ਵਾਅਦੇ ਕਰਦੀਆਂ ਹਨ ਪਰ ਜ਼ਮੀਨੀ ਹਕੀਕਤ ਤਾਂ ਕੁਝ ਹੋਰ ਹੀ ਹੈ। ਐੱਸ. ਆਈ. ਭੂਸ਼ਨ ਕੁਮਾਰ ਜੋਕਿ ਫਿਲੌਰ ਵਿਚ ਐੱਸ. ਐੱਚ. ਓ. ਲੱਗੇ ਰਹੇ ਅਤੇ ਉਨ੍ਹਾਂ 'ਤੇ ਔਰਤ ਨੂੰ ਫੋਨ 'ਤੇ ਇਕੱਲੇ ਬੁਲਾਉਣ ਅਤੇ ਉਸ ਦੀ ਨਾਬਾਲਗ ਬੇਟੀ ਨਾਲ ਗਲਤ ਸ਼ਬਦਾਵਲੀ, ਗਲਤ ਕੰਮ ਅਤੇ ਖੁਦ ਨਾਬਾਲਗਾ ਦਾ ਮੈਡੀਕਲ ਕਰਨ ਦੇ ਗੰਭੀਰ ਦੋਸ਼ਾਂ ਦੇ ਬਾਅਦ ਵੀ ਪੀੜਤ ਔਰਤ ਦੀ ਸੁਣਵਾਈ ਨਹੀਂ ਹੋਈ। ਪੁਲਸ ਅਧਿਕਾਰੀਆਂ ਕੋਲ ਇੰਨਾ ਸਮਾਂ ਹੀ ਨਹੀਂ ਸੀ ਕਿ ਕਿਸੇ ਪੀੜਤ ਨੂੰ ਪਹਿਲ ਦੇ ਆਧਾਰ 'ਤੇ ਇਨਸਾਫ਼ ਦਿਵਾਏ। ਮਾਮਲਾ ਭੜਕਿਆ ਅਤੇ ਅਖਬਾਰਾਂ ਦੀਆਂ ਸੁਰਖੀਆਂ ਵਿਚ ਲਗਾਤਾਰ ਆਉਣ ਲੱਗਾ। ਪੁਲਸ ਸੂਤਰਾਂ ਦੀ ਮੰਨੀਏ ਤਾਂ ਇਸ ਤੋਂ ਬਾਅਦ ਪੁਲਸ ਅਧਿਕਾਰੀਆਂ ਦੀ ਸੈਟਿੰਗ ਹੋਈ ਕਿ ਭੂਸ਼ਨ ਨੂੰ ਸਸਪੈਂਡ ਕਰਕੇ ਲਾਈਨ ਹਾਜ਼ਰ ਕਰ ਦਿਓ। ਥੋੜ੍ਹੇ ਦਿਨ ਬਾਅਦ ਉਸ ਨੂੰ ਦੁਬਾਰਾ ਬਹਾਲ ਕਰ ਦਿੱਤਾ ਜਾਵੇਗਾ ਪਰ ਮਾਮਲਾ ਉਛਲਦਾ ਰਿਹਾ ਅਤੇ ਲੋਕ ਇਨਸਾਫ਼ ਮੰਚ ਦੇ ਨੇਤਾ ਪੀੜਤ ਨਾਲ ਡਟੇ ਰਹੇ। ਪੂਰੇ ਮਾਮਲੇ ਵਿਚ ਦਿਹਾਤੀ ਪੁਲਸ ਦੇ ਅਧਿਕਾਰੀਆਂ ਦੀ ਵੀ ਲਾਪ੍ਰਵਾਹੀ ਪਾਈ ਗਈ। ਜਦੋਂ ਪੀੜਤ ਔਰਤ ਐੱਸ. ਆਈ. ਭੂਸ਼ਨ ਖ਼?ਲਾਫ਼ ਐੱਫ. ਆਈ. ਆਰ. ਦਰਜ ਕਰਨ ਦੀ ਮੰਗ ਕਰਦੀ ਰਹੀ ਤਾਂ ਉਸ ਦੀ ਕਿਸੇ ਨੇ ਨਹੀਂ ਸੁਣੀ। ਆਖਿਰਕਾਰ ਮਾਮਲਾ ਦੁਬਾਰਾ ਪੰਜਾਬ ਰਾਜ ਮਹਿਲਾ ਕਮਿਸ਼ਨ ਕੋਲ ਪਹੁੰਚਿਆ ਅਤੇ ਜਿਵੇਂ ਹੀ ਉਨ੍ਹਾਂ ਨੇ ਐੱਸ. ਐੱਸ. ਪੀ. ਜਲੰਧਰ ਤੋਂ ਸਟੇਟਸ ਰਿਪੋਰਟ ਮੰਗੀ ਤਾਂ ਪੁਲਸ ਤੁਰੰਤ ਨੀਂਦ ਤੋਂ ਜਾਗੀ ਅਤੇ ਐੱਸ. ਆਈ. ਭੂਸ਼ਨ ਖ਼?ਲਾਫ਼ ਐੱਫ. ਆਈ. ਆਰ. ਦਰਜ ਕੀਤੀ। ਯਾਦ ਰਹੇ ਕਿ ਇਸ ਤੋਂ ਪਹਿਲਾਂ ਫਿਲੌਰ ਵਾਸੀ ਇਕ ਔਰਤ ਨੂੰ ਵਿਆਹ ਦਾ ਝਾਂਸਾ ਦੇ ਕੇ ਕੋਲਡ ਡ੍ਰਿੰਕ ਵਿਚ ਨਸ਼ੀਲਾ ਪਦਾਰਥ ਮਿਲਾ ਕੇ ਉਸ ਨਾਲ ਜਬਰ-ਜ਼ਿਨਾਹ ਕਰਨ

ਦੇ ਮਾਮਲੇ ਵਿਚ ਵੀ ਦਿਹਾਤੀ ਪੁਲਸ ਅਧਿਕਾਰੀ ਐੱਫ. ਆਈ. ਆਰ. ਦਰਜ ਨਹੀਂ ਕਰ ਰਹੇ ਸਨ। ਪੀੜਤਾ ਨੂੰ ਦਬਾ ਕੇ ਉਲਟਾ ਮੁਲਜ਼ਮਾਂ ਨੂੰ ਬਚਾਉਣ ਦੇ ਯਤਨ ਚੱਲ ਰਹੇ ਸਨ ਕਿਉਂਕਿ ਮੁਲਜ਼ਮ ਛੋਟੇ-ਮੋਟੇ ਘਰਾਂ ਤੋਂ ਨਹੀਂ, ਸਗੋਂ ਰਈਸਜ਼ਾਦੇ ਸਨ। ਉਸ ਦੌਰਾਨ ਵੀ ਗੱਲ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਧਿਆਨ ਵਿਚ ਪਹੁੰਚੀ ਅਤੇ ਕਮਿਸ਼ਨ ਨੇ ਨੋਟਿਸ ਲਿਆ ਅਤੇ ਫਿਰ 2 ਨੌਜਵਾਨਾਂ ਖ਼?ਲਾਫ਼ ਜਬਰ-ਜ਼ਿਨਾਹ ਕਰਨ ਦੀ ਐੱਫ. ਆਈ. ਆਰ. ਥਾਣਾ ਨੂਰਮਹਿਲ ਵਿਚ ਦਰਜ ਹੋਈ ਸੀ। ਉਥੇ ਹੀ ਕੈਨੇਡਾ ਵਿਚ ਬੈਠੇ ਐੱਨ. ਆਰ. ਆਈ. ਸਰਬਜੀਤ ਰਾਜ ਜਿਨ੍ਹਾਂ ਨੇ ਇਸ ਮੁੱਦੇ ਨੂੰ ਉਠਾਇਆ ਸੀ ਅਤੇ ਮਾਮਲਾ ਡੀ. ਜੀ. ਪੀ. ਦੇ ਧਿਆਨ ਵਿਚ ਪਹੁੰਚਾਇਆ ਸੀ, ਦਾ ਕਹਿਣਾ ਹੈ ਕਿ ਪੀੜਤ ਲੋਕਾਂ ਨੂੰ ਕਿਉਂ ਨਹੀ ਪਹਿਲ ਦੇ ਆਧਾਰ 'ਤੇ ਥਾਣੇ ਵਿਚ ਇਨਸਾਫ ਮਿਲਦਾ। ਭੂਸ਼ਨ ਕੇਸ ਵਿਚ ਤਾਂ ਹੋਰ ਕਈ ਵੀਡੀਓ ਅਤੇ ਆਡੀਓ ਸਾਹਮਣੇ ਆ ਰਹੀਆਂ ਹਨ। ਕੀ ਭੂਸ਼ਨ ਇਕ ਪੁਲਸ ਅਧਿਕਾਰੀ ਹੈ ਜੋ ਅਜਿਹੇ ਕੰਮ ਕਰ ਰਿਹਾ ਹੈ। ਸਰਬਜੀਤ ਰਾਜ ਨੇ ਕਿਹਾ ਕਿ ਐੱਫ. ਆਈ. ਆਰ. ਦਰਜ ਤਾਂ ਹੋ ਗਈ, ਕੀ ਪੁਲਸ ਅਧਿਕਾਰੀ ਭੂਸ਼ਨ ਦੀ ਇਸ ਕੇਸ ਵਿਚ ਗ੍ਰਿਫ਼ਤਾਰੀ ਪਾਉਣਗੇ। ਕੋਈ ਆਮ ਇਨਸਾਨ ਹੁੰਦਾ ਤਾਂ ਹੁਣ ਤਕ ਜੇਲ੍ਹ ਦੀਆਂ ਸਲਾਖਾਂ ਪਿੱਛੇ ਹੁੰਦਾ।

ਥਾਣਾ ਗੇਟ ਹਕੀਮਾ ਦੇ ਸਾਮਣੇ ਸ਼ਰਾਬ ਦੇ ਨਸ਼ੇ 'ਚ ਧੁੱਤ ਲੋਕਾਂ ਨੇ ਪੁਲਸ 'ਤੇ ਕੀਤਾ ਹਮਲਾ

ਅੰਮ੍ਰਿਤਸਰ 29 ਅਕਤੂਬਰ। ਥਾਣਾ ਗੇਟ ਹਕੀਮਾਂ ਚੌਕ ਵਿਚ ਕੁਝ ਲੋਕਾਂ ਵੱਲੋਂ ਥਾਣੇ ਦੇ ਹੀ ਇਕ ਪੁਲਸ ਮੁਲਾਜ਼ਮ ਰਾਕੇਸ਼ ਕੁਮਾਰ 'ਤੇ ਹਮਲਾ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਤੱਖ ਦਰਸ਼ੀਆਂ ਅਨੁਸਾਰ ਘਟਨਾ ਉਸ ਸਮੇਂ ਦੀ ਜਦੋਂ ਕੁਝ ਲੋਕ ਇਕ ਸ਼ਰਾਬ ਦੇ ਠੇਕੇ 'ਤੇ ਸ਼ਰਾਬ ਪੀਣ ਦੌਰਾਨ ਪੁਲਸ ਮੁਲਾਜ਼ਮ ਨਾਲ ਕਿਸੇ ਗੱਲ ਨੂੰ ਲੈ ਕੇ ਕਿਹਾ ਸੁਣੀ ਹੋ ਗਈ ਅਤੇ ਪੁਲਸ ਵੱਲੋਂ ਉਨ੍ਹਾਂ ਨੂੰ ਹਿਰਾਸਤ ਵਿਚ ਲੈਣ ਦੌਰਾਨ ਦੋ ਲੋਕਾਂ ਵੱਲੋਂ ਇਕ ਪੁਲਸ ਮੁਲਾਜ਼ਮ ਦੀ ਬੁਰੀ ਤਰ੍ਹਾਂ ਨਾਲ ਥਾਣੇ ਸਾਹਮਣੇ ਹੀ ਚੌਕ ਵਿਚ ਖਿੱਚ ਧੂਹ ਕਰਨੀ ਸ਼ੁਰੂ ਕਰ ਦਿੱਤੀ ਵੇਖਦੇ ਹੀ ਵੇਖਦੇ ਉਨ੍ਹਾਂ ਵੱਲੋਂ ਪੁਲਸ ਮੁਲਾਜ਼ਮ ਨੂੰ ਸੜਕ ਤੇ ਲੰਮੇ ਪਾ ਕੇ ਉਸ ਦਾ ਹਥਿਆਰ ਖੋਹਣ ਦੀ ਪੂਰੀ ਕੋਸ਼ਿਸ਼ ਕੀਤੀ ਕਈ ਅਤੇ ਇੰਨੇ ਸਮੇਂ ਵਿੱਚ ਦੂਸਰੇ ਮੁਲਾਜ਼ਮਾਂ ਨੇ ਆ ਕੇ ਉਸ ਨੂੰ ਮੌਕੇ ਤੇ ਬਚਾਇਆ। ਪੁਲਸ ਮੁਲਾਜ਼ਮ ਦੀ ਪਹਿਚਾਣ ਰਾਕੇਸ਼ ਕੁਮਾਰ ਵਜੋਂ ਹੋਈ ਹੈ। ਮੌਕੇ ਦੌਰਾਨ ਪੁਲਿਸ ਨੇ ਇੱਕ ਸ਼ਰਾਬ ਦੀ ਹਾਲਤ ਵਿਚ ਧੁੱਤ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਦੂਸਰਾ ਮੌਕਾ ਵੇਖਦਿਆਂ ਹੀ ਉਥੋਂ ਫਰਾਰ ਹੋ ਗਿਆ।

ਪੰਜਾਬ ਸ਼ਰਮਸਾਰ ! ਕੁੜੀ ਨਾਲ ਜਿਨਸੀ ਸ਼ੋਸ਼ਣ ਮਗਰੋਂ ਵੀਡੀਓ ਕਰ 'ਤੀ ਵਾਇਰਲ, ਮਹਿਲਾ ਕਮਿਸ਼ਨ ਦਾ ਸਖ਼ਤ ਐਕਸ਼ਨ

ਕੌਮੀ ਪਤ੍ਰਿਕਾ

ਚੰਡੀਗੜ੍ਹ 29 ਅਕਤੂਬਰ। ਪੰਜਾਬ ਵਿੱਚ ਮਹਿਲਾਵਾਂ ਦੀ ਸੁਰੱਖਿਆ ਨੂੰ ਲੈ ਕੇ ਇਕ ਗੰਭੀਰ ਘਟਨਾ ਸਾਹਮਣੇ ਆਈ ਹੈ। ਜਲੰਧਰ ਜ਼ਿਲ੍ਹੇ ਦੇ ਇਕ ਪਿੰਡ ਦੀ ਰਹਿਣ ਵਾਲੀ ਰਹਿਣ ਵਾਲੀ ਕੁੜੀ ਨਾਲ ਦੋ ਨੌਜਵਾਨਾਂ ਵੱਲੋਂ ਨਸ਼ੀਲਾ ਪਦਾਰਥ ਪਿਲਾ ਕੇ ਸਰੀਰਕ ਸ਼ੋਸ਼ਣ ਕੀਤਾ ਗਿਆ। ਦੋਸ਼ੀਆਂ ਨੇ ਨਾ ਸਿਰਫ਼ ਕੁੜੀ ਦੀ ਅਸ਼ਲੀਲ ਵੀਡੀਓ ਬਣਾਈ ਸਗੋਂ ਇਸ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਕਰਕੇ ਉਸ ਦੀ ਜ਼ਿੰਦਗੀ ਨੂੰ ਹੋਰ ਵੀ ਦਾਗ਼ਦਾਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਮਾਮਲੇ ਨੂੰ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਗੰਭੀਰਤਾ ਨਾਲ ਲੈਂਦਿਆਂ ਸੋ-ਮੋਟੋ ਨੋਟਿਸ ਜਾਰੀ ਕੀਤਾ ਹੈ। ਕਮਿਸ਼ਨ ਨੇ ਜਲੰਧਰ (ਦਿਹਾਤੀ) ਦੇ ਸੀਨੀਅਰ ਪੁਲਸ ਕਪਤਾਨ ਨੂੰ ਪੱਤਰ ਲਿਖ ਕੇ ਹੁਕਮ ਦਿੱਤਾ ਹੈ ਕਿ ਕੇਸ ਦੀ ਜਾਂਚ ਸੁਪਰਡੰਟ ਆਫ਼ ਪੁਲਸ (SP) ਰੈਂਕ ਦੇ ਅਧਿਕਾਰੀ ਵੱਲੋਂ ਕਰਵਾਈ ਜਾਵੇ ਅਤੇ 22 ਅਗਸਤ 2025 ਤੱਕ ਵਿਸਥਾਰਪੂਰਵਕ ਰਿਪੋਰਟ ਕਮਿਸ਼ਨ ਨੂੰ ਭੇਜੀ ਜਾਵੇ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਇਹ ਮਾਮਲਾ ਔਰਤਾਂ ਦੇ ਅਧਿਕਾਰ, ਸਨਮਾਨ ਅਤੇ ਸੁਰੱਖਿਆ ਨਾਲ ਸਿੱਧਾ ਜੁੜਿਆ ਹੈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਅਣਦੇਖਾ ਨਹੀਂ ਕੀਤਾ ਜਾ ਸਕਦਾ। ਕਮਿਸ਼ਨ ਨੇ ਕਿਹਾ ਹੈ ਕਿ ਪੰਜਾਬ ਰਾਜ ਮਹਿਲਾ ਕਮਿਸ਼ਨ ਐਕਟ, 2001 ਦੀ ਧਾਰਾ 12 ਅਨੁਸਾਰ ਕਮਿਸ਼ਨ ਅਜਿਹੇ ਮਾਮਲਿਆਂ ਵਿੱਚ ਸੋ-ਮੋਟੋ ਕਾਰਵਾਈ ਕਰਨ ਦਾ ਪੂਰਾ ਹੱਕ ਰੱਖਦਾ ਹੈ। ਚੇਅਰਪਰਸਨ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿਲਵਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਜੋ ਅਜਿਹੀ ਘਿਨੌਣੀ ਹਰਕਤ ਕਰਨ ਵਾਲੇ ਲੋਕਾਂ ਨੂੰ ਸਪਸ਼ਟ ਸੰਦੇਸ਼ ਮਿਲ ਸਕੇ। ਗੁਰਲੀਨ ਕੌਰ (ਬਦਲਿਆ ਹੋਇਆ ਨਾਮ) ਵੱਲੋਂ ਇਸ ਮਾਮਲੇ ਵਿੱਚ ਮਹਿਲਾ ਕਮਿਸ਼ਨ ਨੂੰ ਹੱਡਬੀਤੀ ਸਾਂਝੀ ਕਰਦਿਆਂ ਲਿਖਤੀ ਦਰਖ਼ਾਸਤ ਦਿੱਤੀ ਗਈ ਸੀ। ਉਸ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਕਿਵੇਂ ਦੋਸ਼ੀਆਂ ਨੇ ਉਸ ਨੂੰ ਨਸ਼ੀਲਾ ਪਦਾਰਥ ਪਿਲਾ ਕੇ ਉਸ ਦੀ ਇੱਛਾ ਖ਼?ਲਾਫ਼ ਦੁਰਵਿਵਹਾਰ ਕੀਤਾ ਅਤੇ ਉਸ ਦੀ ਇੱਜ਼ਤ ਨਾਲ ਖੇਡਿਆ। ਵੀਡੀਓ ਬਣਾ ਕੇ ਵਾਇਰਲ ਕਰਨ ਦੀ ਕਾਰਵਾਈ ਨੇ ਉਸ ਦੇ ਮਾਨਸਿਕ ਸਨਤੁਲਨ 'ਤੇ ਵੀ ਭਾਰੀ ਅਸਰ ਪਾਇਆ ਹੈ। ਮਹਿਲਾ ਕਮਿਸ਼ਨ ਨੇ ਸਪਸ਼ਟ ਕੀਤਾ ਹੈ ਕਿ ਇਹ ਮਾਮਲਾ ਸਿਰਫ਼ ਇਕ ਕੁੜੀ ਨਾਲ ਜੁੜਿਆ ਨਹੀਂ ਸਗੋਂ ਪੰਜਾਬ ਦੀ ਹਰ ਮਹਿਲਾ ਦੇ ਮਾਣ ਅਤੇ ਅਧਿਕਾਰ ਨਾਲ ਸੰਬੰਧਤ ਹੈ। ਕਮਿਸ਼ਨ ਨੇ ਕਿਹਾ ਹੈ ਕਿ ਉਹ ਹਰ ਹਾਲਤ ਵਿੱਚ ਇਹ ਯਕੀਨੀ ਬਣਾਵੇਗਾ ਕਿ ਪੀੜਤ ਕੁੜੀ ਨੂੰ ਇਨਸਾਫ਼ ਮਿਲੇ ਅਤੇ ਦੋਸ਼ੀਆਂ ਨੂੰ ਸਜ਼ਾ ਹੋਵੇ। ਪੱਤਰ ਵਿੱਚ ਜਲੰਧਰ (ਦਿਹਾਤੀ) ਪੁਲਸ ਨੂੰ ਹੁਕਮ ਦਿੱਤਾ ਗਿਆ ਹੈ ਕਿ ਕੇਸ ਦੀ ਜਾਂਚ 'ਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕਾਨੂੰਨ ਅਨੁਸਾਰ ਕਠੋਰ ਕਾਰਵਾਈ ਕਰਕੇ 22 ਅਗਸਤ 2025 ਤੱਕ ਰਿਪੋਰਟ ਸੌਂਪਣੀ ਲਾਜ਼ਮੀ ਹੈ।

ਘਰਵਾਲੀ ਨੇ ਘਰ ਆਉਣ ਤੋਂ ਕੀਤਾ ਇਨਕਾਰ ਤਾਂ ਪਤੀ ਨੇ ਚੁੱਕਿਆ ਖੌਫਨਾਕ ਕਦਮ

ਵੈੱਬ ਡੈਸਕ 29 ਅਕਤੂਬਰ। ਮਹਾਰਾਸ਼ਟਰ ਦੇ ਅਹਿਮਦਨਗਰ (ਅਹਿਲਿਆਨਗਰ) ਜ਼ਿਲ੍ਹੇ ਤੋਂ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ ਜਿੱਥੇ ਇੱਕ ਪਿਤਾ ਨੇ ਪਰਿਵਾਰਕ ਝਗੜੇ ਕਾਰਨ ਆਪਣੇ ਚਾਰ ਮਾਸੂਮ ਬੱਚਿਆਂ ਨੂੰ ਖੂਹ ਵਿੱਚ ਧੱਕਾ ਦੇ ਦਿੱਤਾ ਅਤੇ ਫਿਰ ਖੁਦ ਛਾਲ

ਮਾਰ ਕੇ ਖੁਦਕੁਸ਼ੀ ਕਰ ਲਈ। ਇਹ ਭਿਆਨਕ ਘਟਨਾ ਸ਼੍ਰੀਗੌਂਡਾ ਖੇਤਰ ਦੇ ਚਿਖਲੀ ਕੋਰੇਗਾਓਂ ਤਾਲੁਕਾ ਵਿੱਚ ਵਾਪਰੀ। ਪੁਲਸ ਦੇ ਅਨੁਸਾਰ, ਮ੍ਰਿਤਕ ਅਰੁਣ ਕਾਲੇ ਦਾ ਅੱਠ ਦਿਨ ਪਹਿਲਾਂ ਆਪਣੀ ਪਤਨੀ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ। ਇਸ ਝਗੜੇ ਤੋਂ ਨਾਰਾਜ਼ ਹੋ ਕੇ, ਉਸਦੀ ਪਤਨੀ ਆਪਣੇ ਨਾਨਕੇ ਘਰ ਚਲੀ ਗਈ ਅਤੇ ਵਾਪਸ ਆਉਣ ਲਈ ਤਿਆਰ ਨਹੀਂ ਸੀ। ਅਰੁਣ ਆਪਣੀ ਪਤਨੀ ਦੀ ਗੈਰ-ਮੌਜੂਦਗੀ ਤੇ ਉਸਦੇ ਵਾਪਸ ਨਾ ਆਉਣ ਕਾਰਨ ਡੂੰਘੇ ਤਣਾਅ ਅਤੇ ਗੁੱਸੇ ਵਿੱਚ ਸੀ। ਇਸ ਨਿਰਾਸ਼ਾ ਵਿੱਚ, ਉਸਨੇ ਆਪਣੇ ਚਾਰੇ ਬੱਚਿਆਂ ਨੂੰ ਖੂਹ ਵਿੱਚ ਧੱਕ ਦਿੱਤਾ ਅਤੇ ਬਾਅਦ ਵਿੱਚ ਖੁਦ ਵੀ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਹਾਦਸੇ ਤੋਂ ਬਾਅਦ, ਪੁਲਸ ਮੌਕੇ 'ਤੇ ਪਹੁੰਚੀ ਅਤੇ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਪੁਲਸ ਨੂੰ ਹੁਣ ਤੱਕ ਖੂਹ ਵਿੱਚੋਂ ਇੱਕ ਲਾਸ਼ ਮਿਲੀ ਹੈ ਜਦੋਂ ਕਿ ਬਾਕੀਆਂ ਦੀ ਭਾਲ ਜਾਰੀ ਹੈ। ਫਿਲਹਾਲ ਮ੍ਰਿਤਕਾਂ ਦੀ ਪਛਾਣ ਅਰੁਣ ਕਾਲੇ ਅਤੇ ਉਸਦੇ ਬੱਚਿਆਂ ਸ਼ਿਵਾਨੀ (8), ਪ੍ਰੇਮ (7), ਵੀਰ (6) ਅਤੇ ਕਬੀਰ (5) ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਅਰੁਣ ਕਾਲੇ ਦੀ ਲਾਸ਼ ਰੱਸੀ ਨਾਲ ਬੰਨ੍ਹੀ ਹੋਈ ਮਿਲੀ ਹੈ, ਜਿਸ ਕਾਰਨ ਸ਼ੱਕ ਹੈ ਕਿ ਉਸਨੇ ਜਾਣਬੁੱਝ ਕੇ ਆਪਣੇ ਆਪ ਨੂੰ ਬੰਨ੍ਹ ਕੇ ਖੁਦਕੁਸ਼ੀ ਕੀਤੀ ਹੈ। ਇਸ ਦੁਖਦਾਈ ਘਟਨਾ ਨੇ ਪੂਰੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਲੋਕ ਇਹ ਮੰਨਣ ਲਈ ਤਿਆਰ ਨਹੀਂ ਹਨ ਕਿ ਇੱਕ ਮਾਮੂਲੀ ਪਰਿਵਾਰਕ ਝਗੜਾ ਇੰਨੇ ਵੱਡੇ ਦੁਖਾਂਤ ਨੂੰ ਜਨਮ ਦੇ ਸਕਦਾ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਪੁਲਸ ਦੀ ਵੱਡੀ ਕਾਰਵਾਈ, ਨਸ਼ਾ ਤਸਕਰ ਜਨਕ ਸਿੰਘ ਦੀ ਨਾਜਾਇਜ਼ ਜਾਇਦਾਦ ਢਹਿ-ਢੇਰੀ

ਅੰਮ੍ਰਿਤਸਰ 29 ਅਕਤੂਬਰ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼?ਲਾਫ਼ ਚਲਾਈ ਜਾ ਰਹੀ ਜੰਗ ਤਹਿਤ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਨਸ਼ਾ ਤਸਕਰ ਜਨਕ ਸਿੰਘ ਖ਼?ਲਾਫ਼ ਕਾਰਵਾਈ ਕੀਤੀ ਹੈ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਐੱਸਐੱਸਪੀ ਦਿਹਾਤੀ ਮਨਿੰਦਰ ਸਿੰਘ ਨੇ ਦੱਸਿਆ ਕਿ ਜਨਕ ਸਿੰਘ ਪਿੰਡ ਰਨਗੜ੍ਹ ਅਟਾਰੀ ਬਾਰਡਰ ਨੇੜੇ ਰਹਿੰਦਾ ਹੈ ਅਤੇ ਇਸ 'ਤੇ ਪਹਿਲਾਂ ਹੀ ਤਿੰਨ ਮਾਮਲੇ ਦਰਜ ਹਨ। ਉਸ ਦੇ ਪਰਿਵਾਰ ਦੇ ਮੈਂਬਰਾਂ 'ਤੇ ਵੀ ਕੇਸ ਦਰਜ ਹਨ। ਪੁਲਸ ਨੂੰ ਪੀਡੀਪੀ ਵੱਲੋਂ ਸ਼ਿਕਾਇਤ ਮਿਲੀ ਸੀ ਕਿ ਉਹ ਕਾਲੇ ਧਨ ਨਾਲ ਸਰਕਾਰੀ ਜ਼ਮੀਨ 'ਤੇ ਗੈਰਕਾਨੂੰਨੀ ਤਰੀਕੇ ਨਾਲ ਇਮਾਰਤ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਐੱਸਐੱਸਪੀ ਦਿਹਾਤੀ ਮਨਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਨਜਾਇਜ਼ ਕਬਜ਼ੇ ਹਟਾਏ। ਇਹ ਅੰਮ੍ਰਿਤਸਰ ਦੇ ਨਸ਼ਾ ਤਸਕਰਾਂ ਵਿਰੁੱਧ ਛੇਵੀਂ ਵੱਡੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਅਜੇ ਤੱਕ ਅੰਮ੍ਰਿਤਸਰ ਦਿਹਾਤੀ ਪੁਲਸ 150 ਕਿਲੋ ਹੈਰੋਇਨ ਫੜ ਚੁੱਕੀ ਹੈ, ਜਦਕਿ ਲਗਭਗ 2 ਕਰੋੜ ਦੀ ਨਕਦੀ ਜ਼ਬਤ ਕੀਤੀ ਗਈ ਹੈ। ਇਸ ਤੋਂ ਇਲਾਵਾ ਨਸ਼ਾ ਤਸਕਰਾਂ ਦੀ ਲਗਭਗ 4 ਕਰੋੜ ਦੀ ਸੰਪਤੀ ਫ?ਰੀਜ਼ ਕੀਤੀ ਗਈ ਹੈ। ਐੱਸਐੱਸਪੀ ਨੇ ਕਿਹਾ ਕਿ ਜਨਕ ਸਿੰਘ ਹਾਲ ਹੀ ਵਿੱਚ ਜੇਲ੍ਹ ਤੋਂ ਬੇਲ 'ਤੇ ਬਾਹਰ ਆਇਆ ਹੈ, ਪਰ ਉਹ ਫਿਰ ਕਾਲੇ ਧਨ ਨਾਲ ਮਹਿਲ ਸਜਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਸਭ ਮਿਹਨਤ-ਮਜ਼ਦੂਰੀ ਨਾਲ ਸੰਭਵ ਨਹੀਂ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੋ ਵੀ ਨਸ਼ੇ ਦਾ ਧੰਦਾ ਕਰੇਗਾ, ਉਸ ਖ਼?ਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ। ਐੱਸਐੱਸਪੀ ਨੇ ਪੰਜਾਬ ਦੇ ਨੌਜਵਾਨਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਤੋਂ ਦੂਰ ਰਹੋ, ਮਿਹਨਤ ਕਰੋ, ਚੰਗਾ ਕੰਮ ਕਰੋ ਅਤੇ ਆਪਣੇ ਪਰਿਵਾਰ ਤੇ ਪੰਜਾਬ ਦਾ ਨਾਂ ਰੌਸ਼ਨ ਕਰੋ। ਇਹ ਗੁਰੂਆਂ-ਪੀਰਾਂ ਦੀ ਧਰਤੀ ਹੈ

ਪੰਜਾਬ ਪੁਲਸ ਨੇ ਅਮਰੀਕੀ ਡਾਲਰਾਂ ਨਾਲ ਫੜੇ ਲੁਟੇਰੇ, ਸਾਥੀਆਂ ਦੀ ਭਾਲ ਲਈ ਮਾਰੇ ਜਾ ਰਹੇ ਛਾਪੇ

ਲੁਧਿਆਣਾ 29 ਅਕਤੂਬਰ। ਥਾਣਾ ਪੀ.ਏ.ਯੂ. ਦੀ ਪੁਲਸ

ਮੁਕੇਰੀਆਂ ਤੋਂ ਫੜਿਆ ਗਿਆ 700 ਕਿਲੋ ਸ਼ੱਕੀ ਪਨੀਰ, ਕੋਲਡ ਸਟੋਰ 'ਚ ਕੀਤਾ ਸੀਲ

ਕੌਮੀ ਪੜ੍ਹਿਕਾ

ਮੁਕੇਰੀਆਂ 29 ਅਕਤੂਬਰ। ਹੁਸ਼ਿਆਰਪੁਰ ਜ਼ਿਲ੍ਹੇ ਦੇ ਨਿਵਾਸੀਆਂ ਨੂੰ ਸਾਫ਼-ਸੁਥਰੀਆਂ ਖਾਣ ਯੋਗ ਵਸਤੂਆਂ ਮੁਹੱਈਆ ਕਰਵਾਉਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ, ਜਦੋਂ ਮੁਕੇਰੀਆਂ ਦੇ ਬੱਸ ਅੱਡੇ ਨੇੜੇ ਇਕ ਹਰਿਆਣਾ ਨੰਬਰ ਗੱਡੀ ਵਿਚ ਲਗਭਗ 700 ਕਿਲੋ ਸ਼ੱਕੀ ਪਨੀਰ ਫੜਿਆ। ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਜਤਿੰਦਰ ਕੁਮਾਰ ਭਾਟੀਆ ਅਤੇ ਉਨ੍ਹਾਂ ਦੀ ਫੂਡ ਸੇਫਟੀ ਟੀਮ ਵੱਲੋਂ ਜਾਂਚ ਕੀਤੇ ਜਾਣ 'ਤੇ ਪਹਿਲੀ ਨਜ਼ਰੇ ਇਹ ਪਨੀਰ ਘਟੀਆ ਕੁਆਲਿਟੀ ਦਾ ਲੱਗਾ। ਪਨੀਰ ਦੇ ਸੈਂਪਲ ਲੈ ਕੇ ਇਸ ਨੂੰ ਕੋਲਡ ਸਟੋਰ ਵਿਚ ਸੀਲ ਕਰ ਦਿੱਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਫੂਡ ਸੇਫਟੀ ਅਫ਼ਸਰ ਮਨੀਸ਼ ਕੁਮਾਰ ਸੋਢੀ ਅਤੇ ਹੋਰ ਟੀਮ ਮੈਂਬਰ ਮੌਜੂਦ ਸੀ। ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਜਤਿੰਦਰ ਕੁਮਾਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਲੋਕਾਂ ਨੂੰ ਸਾਫ਼-ਸੁਥਰੇ ਖਾਧ ਪਦਾਰਥ ਮੁਹੱਈਆ ਕਰਵਾਉਣਾ ਸਿਹਤ ਵਿਭਾਗ ਦੀ ਜ਼ਿੰਮੇਵਾਰੀ ਹੈ। ਪਿਛਲੇ ਕਈ ਦਿਨਾਂ ਤੋਂ ਇਹ ਸ਼ਿਕਾਇਤ ਆ ਰਹੀ ਸੀ ਕਿ ਨਾਲ ਦੇ ਜ਼ਿਲ੍ਹਿਆਂ ਅਤੇ ਸੂਬਿਆਂ ਵਿਚੋਂ ਲਗਾਤਾਰ ਗੱਡੀਆਂ ਰਾਹੀਂ ਮੁਕੇਰੀਆਂ ਵਿਚ ਘਟੀਆ ਦਰਜੇ ਦਾ ਪਨੀਰ ਸਪਲਾਈ ਕੀਤਾ ਜਾ ਰਿਹਾ ਹੈ। ਇਸ ਦੇ ਚਲਦਿਆਂ ਮੁਕੇਰੀਆਂ ਬੱਸ ਸਟੈਂਡ ਨੇੜੇ ਪਹਿਲਾਂ ਹੀ ਫੂਡ ਸੇਫਟੀ ਟੀਮ ਨਾਕਾ ਲਾ ਕੇ ਖੜ੍ਹੀ ਸੀ। ਜਦੋਂ ਹੀ ਪਨੀਰ ਵਾਲੀ ਗੱਡੀ ਆਈ ਤਾਂ ਟੀਮ ਵੱਲੋਂ ਉਸ ਨੂੰ ਰੋਕ ਲਿਆ ਗਿਆ।

ਇਸ ਘਟੀਆ ਕੁਆਲਿਟੀ ਦਾ ਪਨੀਰ ਹਰਿਆਣਾ ਨੰਬਰ ਵਾਲੀ ਗੱਡੀ ਵਿਚੋਂ ਕਰੀਬ 700 ਕਿਲੋ (7 ਕੁਇੰਟਲ) ਸ਼ੱਕੀ ਪਨੀਰ ਫੜਿਆ ਗਿਆ, ਜਿਸ ਵਿਚੋਂ ਸੈਂਪਲ ਲੈ ਕੇ ਲੈਬਾਰਟਰੀ ਨੂੰ ਭੇਜ ਦਿੱਤੇ ਗਏ ਹਨ। ਫੜੇ ਗਏ ਪਨੀਰ ਨੂੰ ਇਕ ਕੋਲਡ ਸਟੋਰ ਵਿਚ ਸੀਲ ਕਰ ਦਿੱਤਾ ਗਿਆ। ਇਸ ਪਨੀਰ ਦਾ ਕੀ ਕਰਨਾ ਹੈ ਇਹ ਰਿਪੋਰਟ ਆਉਣ 'ਤੇ ਦੱਸਿਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਨੇ ਦੱਸਿਆ ਕਿ ਤਿਉਹਾਰੀ ਸੀਜ਼ਨ ਵਿਚ ਮਠਿਆਈਆਂ ਬਣਾਉਣ ਲਈ ਦੁੱਧ ਅਤੇ ਪਨੀਰ ਦੀ ਖ਼ਪਤ ਬਹੁਤ ਵਧ ਜਾਂਦੀ ਹੈ। ਮਿਲਾਵਟਖੋਰ ਅਤੇ ਦੁੱਧ ਵੇਚ ਕੇ ਵੱਧ ਮੁਨਾਫ਼ਾ ਕਮਾਉਂਦੇ ਹਨ ਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦੁੱਧ, ਪਨੀਰ, ਦੇਸੀ ਘਿਓ, ਤੇਲ ਤੇ ਮਠਿਆਈਆਂ ਚੰਗੀ ਤਰ੍ਹਾਂ ਦੇਖ ਕੇ ਖ਼ਰੀਦਣ। ਜੇਕਰ ਕਿਸੇ ਨੂੰ ਕਿਸੇ ਕਿਸੇ ਦੁਕਾਨਦਾਰ ਤੋਂ ਕੋਈ ਸ਼ਿਕਾਇਤ ਹੈ ਤਾਂ ਉਹ ਸਿਵਲ ਸਰਜਨ ਦਫਤਰ ਨਾਲ ਸੰਪਰਕ ਕਰਨ, ਸਿਹਤ ਵਿਭਾਗ ਦੀਆਂ ਟੀਮਾਂ ਲੋਕਾਂ ਦੀ ਸੇਵਾ ਵਿਚ ਹਰ ਸਮੇਂ ਹਾਜ਼ਰ ਹਨ । ਇਥੇ ਇਹ ਵਰਣਨਯੋਗ ਹੈ ਕਿ ਮੁਕੇਰੀਆਂ ਅਤੇ ਆਸਪਾਸ ਦੇ ਇਲਾਕਿਆਂ 'ਚ ਵਿਕ ਰਹੇ ਘਟੀਆ ਕੁਆਲਿਟੀ ਦੇ ਪਨੀਰ ਸਬੰਧੀ ਖਬਰ ਨੂੰ ਜਗ ਬਾਣੀ ਵੱਲੋਂ ਕੁਝ ਦਿਨ ਪਹਿਲਾਂ ਹੀ ਪ੍ਰਕਾਸ਼ਿਤ ਕੀਤਾ ਗਿਆ ਸੀ। ਲੋਕਾਂ 'ਚ ਚਰਚਾ ਹੈ ਕਿ ਹਰ ਰੋਜ਼ ਮੁਕੇਰੀਆਂ ਰਾਹੀਂ ਤਿੰਨ ਗੱਡੀਆਂ ਨੇੜਲੇ ਇਲਾਕਿਆਂ 'ਚ ਘਟੀਆ ਕੁਆਲਿਟੀ ਦਾ ਪਨੀਰ ਸਪਲਾਈ ਕਰਦੀਆਂ ਹਨ।

ਬਿਹਾਰ 'ਚ ਬੰਦਾ ਕਰਵਾ ਰਿਹਾ ਸੀ ਪੰਜਾਬੀ ਕੁੜੀਆਂ ਤੋਂ 'ਗ਼ਲਤ ਕੰਮ', ਕੁੱਲ 27 ਕੁੜੀਆਂ ਬਰਾਮਦ

ਛਪਰਾ 29 ਅਕਤੂਬਰ। ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਪ੍ਰਿਯਾਂਕ ਕਾਨੂੰਗੋ ਦੇ ਇੱਕ ਪੱਤਰ ਤੋਂ ਮਿਲੀ ਜਾਣਕਾਰੀ ਤੋਂ ਬਾਅਦ, ਬਿਹਾਰ ਦੇ ਸਾਰਨ ਜ਼ਿਲ੍ਹੇ ਦੇ ਮਹਿਲਾ ਪੁਲਸ ਸਟੇਸ਼ਨ ਦੀ ਪੁਲਸ ਨੇ ਜ਼ਿਲ੍ਹੇ ਦੇ ਗੜਖਾ, ਭੇਲਡੀ ਅਤੇ ਜਨਤਾ ਬਾਜ਼ਾਰ ਪੁਲਸ ਸਟੇਸ਼ਨ ਖੇਤਰਾਂ ਦੇ ਵੱਖ-ਵੱਖ ਹਿੱਸਿਆਂ 'ਚ ਛਾਪੇਮਾਰੀ ਕੀਤੀ, ਜਿਸ ਵਿੱਚ ਆਰਕੈਸਟਰਾ ਵਿੱਚ ਕੰਮ ਕਰਨ ਲਈ ਮਜਬੂਰ ਕੀਤੀਆਂ ਗਈਆਂ ਪੰਜਾਬ ਦੀਆਂ ਤਿੰਨ ਕੁੜੀਆਂ ਸਣੇ ਕੁੱਲ 27 ਨਾਬਾਲਗ ਕੁੜੀਆਂ ਨੂੰ ਛੁਡਾਇਆ ਗਿਆ ਅਤੇ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਸ ਸੂਤਰਾਂ ਨੇ ਅੱਜ ਇੱਥੇ ਦੱਸਿਆ ਕਿ, ਪੁਲਸ ਸੁਪਰਡੈਂਟ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਮਹਿਲਾ ਪੁਲਸ ਸਟੇਸ਼ਨ ਇੰਚਾਰਜ ਸਮੇਤ ਪੁਲਸ ਮੁਲਾਜ਼ਮਾਂ ਨੇ ਅਸਾਮ ਤੋਂ ਛੇ ਨਾਬਾਲਗ ਕੁੜੀਆਂ, ਪੱਛਮੀ ਬੰਗਾਲ ਤੋਂ ਸੱਤ, ਪੰਜਾਬ ਤੋਂ ਤਿੰਨ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਤੋਂ ਦੋ-ਦੋ, ਮੱਧ ਪ੍ਰਦੇਸ਼ ਤੋਂ ਇੱਕ ਤੇ ਬਿਹਾਰ ਤੋਂ ਤਿੰਨ ਦੇ ਨਾਲ-ਨਾਲ ਇਸ ਕਾਰਵਾਈ ਦੌਰਾਨ ਤਿੰਨ ਵਿਦੇਸ਼ੀ ਨਾਬਾਲਗ ਕੁੜੀਆਂ ਨੂੰ ਛੁਡਾਇਆ। ਸੂਤਰਾਂ ਨੇ ਦੱਸਿਆ ਕਿ ਇਸ ਮੁਹਿਮ ਦੌਰਾਨ, ਜਨਤਾ ਬਾਜ਼ਾਰ ਥਾਣਾ ਖੇਤਰ ਦੇ ਲਹਿਲਾਦਪੁਰ ਪਿੰਡ ਦੇ ਰਹਿਣ ਵਾਲੇ ਆਰਕੈਸਟਰਾ ਸੰਚਾਲਕ ਮੁਕੇਸ਼ ਪ੍ਰਸਾਦ, ਮਧੌਰਾ ਥਾਣਾ ਖੇਤਰ ਦੇ ਪਿੰਡ ਮੁਬਾਰਕਪੁਰ ਦੇ ਰਹਿਣ ਵਾਲੇ ਅਨੀਸ਼ ਕੁਮਾਰ, ਤਰਈਆ ਥਾਣਾ ਖੇਤਰ ਦੇ ਪਿੰਡ ਟੀਕਮਪੁਰ ਦੇ ਰਹਿਣ ਵਾਲੇ ਧੀਰਜ ਕੁਮਾਰ, ਭੇਲਦੀ ਥਾਣਾ ਖੇਤਰ ਦੇ ਪਿੰਡ ਮਕਸੂਦਪੁਰ ਦੇ ਰਹਿਣ ਵਾਲੇ ਸੂਰਜ ਕੁਮਾਰ, ਅਮਨੌਰ ਥਾਣਾ ਖੇਤਰ ਦੇ ਪਿੰਡ ਅਪਹਰ ਦੇ ਰਹਿਣ ਵਾਲੇ ਵਿੱਕੀ ਕੁਮਾਰ ਨੂੰ ਗ੍ਰਿਫ਼ਤਾਰ ਕਰਕੇ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

ਵਿਆਹ ਤੋਂ ਪਰਤ ਰਹੇ ਲੋਕਾਂ ਦੀ ਕਾਰ ਕੰਬਾਈਲ ਨਾਲ ਟਕਰਾਈ, ਉੱਡ ਗਏ ਪਰਖੱਚੇ

ਅੌੜ/ਚੱਕਦਾਨਾ 29 ਅਕਤੂਬਰ। ਇੱਥੋਂ ਥੋੜੀ ਦੂਰ ਫਿਲੌਰ ਤੋਂ ਨਵਾਂਸ਼ਹਿਰ ਹਾਈਵੇਅ 'ਤੇ ਸਥਿਤ ਪਿੰਡ ਥਲਾ ਅਤੇ ਬੰਸੀਆਂ ਦੇ ਵਿਚਕਾਰ ਇਕ ਪੈਟਰੋਲ ਪੰਪ ਦੇ ਸਾਹਮਣੇ ਕਾਰ ਅਤੇ ਕੰਬਾਈਨ ਦੀ ਟੱਕਰ ਵਿਚ 2 ਕਾਰ ਸਵਾਰ ਜ਼ਖਮੀ ਹੋਣ ਦਾ ਸਮਾਚਾਰ ਮਿਲਿਆ ਹੈ, ਜਦਕਿ ਬਾਕੀਆਂ ਦੇ ਮਾਮੂਲੀ ਸੱਟਾਂ ਲੱਗੀਆਂ ਹਨ। ਇਸ ਭਿਆਨਕ ਹਾਦਸੇ ਵਿਚ ਕਾਰ ਦੇ ਪਰਖੱਚੇ ਉੱਡ ਗਏ। ਇਸ ਹਾਦਸੇ ਸਬੰਧੀ ਜਾਣਕਾਰੀ ਦਿੰਦਿਆਂ ਮਨੀਸ਼ ਕੁਮਾਰ ਵਾਸੀ ਪਿੰਡ ਗਰਚਾ (ਨੇੜੇ ਅੌੜ) ਨੇ ਦੱਸਿਆ ਕਿ ਕੰਬਾਈਨ ਦੇ ਡਰਾਈਵਰ ਨੇ ਕੰਬਾਈਨ ਨੂੰ ਖੇਤਾਂ ਵਿਚੋਂ ਬਿਨਾਂ ਕਿਸੇ ਪਾਸੇ ਦੇਖਿਆਂ ਹੀ ਅੌੜ-ਫਿਲੌਰ ਮੁੱਖ ਸੜਕ 'ਤੇ ਚੜ੍ਹਾ ਦਿੱਤਾ ਜਿਸ ਕਾਰਨ ਸਾਡੀ ਕਾਰ ਕੰਬਾਈਨ ਨਾਲ ਟਕਰਾ ਗਈ, ਕਾਰ 'ਚ ਪੰਜ ਜਣੇ ਸਵਾਰ ਸੀ ਤੇ ਅਸੀਂ ਰਾਤ 7 ਵਜੇ ਦੇ ਕਰੀਬ ਇਕ ਵਿਆਹ ਸਮਾਗਮ ਤੋਂ ਆਪਣੇ ਪਿੰਡ ਗਰਚਾ ਨੂੰ ਵਾਪਸ ਜਾ ਰਹੇ ਸੀ। ਉਨ੍ਹਾਂ ਦੱਸਿਆ ਕਿ ਕੰਬਾਈਨ ਚਾਲਕ ਨੇ ਕੰਬਾਈਨ ਨੂੰ ਕਟਰ ਸਮੇਤ ਹੀ ਮੁੱਖ ਮਾਰਗ 'ਤੇ ਚੜ੍ਹਾ ਦਿੱਤਾ ਜਿਸ ਕਾਰਨ ਸਾਡੀ ਕਾਰ ਕਟਰ ਵਿਚ ਆ ਕੇ ਫਸ ਗਈ ਤੇ ਕਾਰ ਦੇ ਪਰਖੱਚੇ ਉੱਡ ਗਏ ਅਤੇ ਕਾਰ ਦੀ ਸਾਰੀ ਛੱਤ ਵੱਢੀ ਗਈ। ਉਸਨੇ ਦੱਸਿਆ ਕਿ ਸਾਨੂੰ ਰਾਹਗੀਰਾਂ ਵੱਲੋਂ ਫਿਲੌਰ ਦੇ ਹਸਪਤਾਲ ਵਿਖੇ ਲਿਆਂਦਾ ਗਿਆ। ਇਸ ਸਬੰਧੀ ਪੁਲਸ ਚੌਕੀ ਇੰਚਾਰਜ ਲਸਾੜਾ ਰਜਿੰਦਰ ਸ਼ਰਮਾ ਨਾਲ ਗੱਲਬਾਤ ਕੀਤੀ ਗਈ ਜਿਨ੍ਹਾਂ ਦੱਸਿਆ ਕਿ ਵਾਹਨਾਂ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਆਰੰਭ ਕਰ ਦਿਤੀ ਗਈ ਹੈ ਪਰ ਕੰਬਾਈਨ ਚਾਲਕ ਆਪਣੇ ਸਾਥੀਆਂ ਸਮੇਤ ਮੌਕੇ ਤੋਂ ਫਰਾਰ ਹੈ ਜਿਸ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
ARJUN BIDHURI Advocate
CH. NO.536, Saket Courts
New Delhi-110017.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE
Information is given to general public at large that our client M/s Aspire Buildwell through pr

ਸੀ.ਐਮ. ਫਲਾਇੰਗ ਸਕੁਐਡ ਵੱਲੋਂ ਛਾਪਾਮਾਰੀ, ਸੜਕਾਂ ਦੇ ਸੈਂਪਲ ਭਰੇ

ਵਿਕਾਸ ਕੰਮਾਂ 'ਚ ਮਾੜਾ ਮੈਟੀਰੀਅਲ ਵਰਤਣ ਦੀ ਨਹੀਂ ਕੋਈ ਗੁੰਜਾਇਸ਼ : ਡਾ. ਬਲਬੀਰ ਸਿੰਘ

ਪਟਿਆਲਾ, 29 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਅੰਦਰ ਮਿਆਰੀ ਸੜਕਾਂ ਦੇ ਨਿਰਮਾਣ ਨੂੰ ਯਕੀਨੀ ਬਣਾਉਣ ਲਈ ਗਠਿਤ ਕੀਤੇ ਗਏ ਸੀ.ਐਮ. ਫਲਾਇੰਗ ਸਕੁਐਡ ਨੇ ਅੱਜ ਅਹਿਮ ਕਾਰਵਾਈ ਕਰਦੇ ਹੋਏ ਕੁਝ ਸਮਾਂ ਪਹਿਲਾਂ ਬਣਾਈ ਹਿਆਣਾ ਖੁਰਦ ਤੋਂ ਮੰਡੌਰ ਅਜਨੌਦਾ ਸੜਕ ਦੇ ਸੈਂਪਲ ਭਰੇ ਹਨ। ਇਸੇ ਦੌਰਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਬੰਧਤ ਠੇਕੇਦਾਰ ਵੱਲੋਂ ਜੇਕਰ ਇਸ ਸੜਕ ਦੇ ਕੰਮ 'ਚ ਜੇਕਰ ਕੋਈ ਕੁਤਾਹੀ ਵਰਤੀ ਗਈ ਸਾਹਮਣੇ ਆਈ ਤਾਂ ਸਬੰਧਤ ਠੇਕੇਦਾਰ ਤੇ ਸਬੰਧਤ ਵਿਭਾਗੀ ਅਧਿਕਾਰੀਆਂ ਦੀ ਜਿੰਮੇਵਾਰੀ ਤੈਅ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਜਿਕਰਯੋਗ ਹੈ ਕਿ 'ਮੁੱਖ ਮੰਤਰੀ ਉਡਣ ਦਸਤੇ' ਵੱਲੋਂ ਛਾਪਾਮਾਰੀ ਕਰਕੇ ਮਾਰਕੀਟ ਕਮੇਟੀ ਵੱਲੋਂ ਬਣਵਾਈ ਗਈ ਕਰੀਬ 2.5 ਕਿਲੋਮੀਟਰ ਸੜਕ ਦਾ ਨਿਰੀਖਣ ਕਰਨ ਦੀ ਇਹ ਕਾਰਵਾਈ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਹਲਕਾ ਪਟਿਆਲਾ ਦਿਹਾਤੀ ਦੀ ਪੂਰੀ ਤਰ੍ਹਾਂ ਚੌਕਸ ਨੋਡਲ ਵਲੰਟੀਅਰ ਟੀਮ ਵੱਲੋਂ ਦਿੱਤੀ ਗਈ ਰਿਪੋਰਟ ਦੇ ਅਧਾਰ 'ਤੇ ਕੀਤੀ ਗਈ ਹੈ। ਸਿਹਤ ਮੰਤਰੀ ਦੀ ਵਲੰਟੀਅਰ ਟੀਮ ਵੱਲੋਂ ਆਪਣੇ ਤੌਰ 'ਤੇ ਪੂਰੀ ਤਰ੍ਹਾਂ ਬਾਜ ਅੱਖ ਰੱਖਦੇ ਹੋਏ ਆਪਣੇ ਹਲਕੇ ਅੰਦਰ ਬਣ ਰਹੀਆਂ ਸੜਕਾਂ ਦਾ ਮਿਆਰ ਚੈਕ ਕਰਕੇ ਲੋਕਾਂ ਦੀ ਫੀਡਬੈਕ ਲੈਕੇ ਜਮੀਨੀ ਪੱਧਰ 'ਤੇ ਹੋ ਰਹੇ ਕੰਮਾਂ ਦੀ ਗੁਣਵੱਤਾ ਬਾਰੇ ਜਾਣੂ ਕਰਵਾਇਆ ਜਾਂਦਾ ਹੈ।

ਇਸੇ ਦੌਰਾਨ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਰਾਜ ਭਰ ਅੰਦਰ ਲੋਕ ਨਿਰਮਾਣ ਵਿਭਾਗ ਅਤੇ ਮੰਡੀ ਬੋਰਡ ਵੱਲੋਂ ਬਣਾਈਆਂ ਜਾ ਰਹੀਆਂ ਸੜਕਾਂ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ਅਤੇ ਇਹ ਪਹਿਲੀ ਵਾਰ ਯਕੀਨੀ ਬਣਾਇਆ ਗਿਆ ਹੈ ਕਿ ਸੜਕਾਂ ਬਣਾਉਣ ਵਾਲੀ ਏਜੰਸੀ ਨੂੰ 5 ਸਾਲਾਂ ਲਈ ਉਸ ਸੜਕ ਦੀ ਮੁਰੰਮਤ ਦੀ ਵੀ ਜਿੰਮੇਵਾਰੀ ਸੌਂਪੀ ਗਈ ਹੋਵੇ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਟਿਆਲਾ ਦਿਹਾਤੀ ਹਲਕੇ ਦੀ ਟੀਮ ਨੇ ਇਹ ਰਿਪੋਰਟ ਦਿੱਤੀ ਸੀ ਕਿ ਕੁਝ ਸਮਾਂ ਪਹਿਲਾਂ ਹਿਆਣਾ ਤੋਂ ਮੰਡੌਰ ਅਜਨੌਦਾ ਸੜਕ ਦੀ ਕੁਝ ਥਾਵਾਂ 'ਤੇ ਹਾਲਤ ਖਰਾਬ ਹੋ ਗਈ ਹੈ, ਜਿਸ ਤਹਿਤ ਸੀ.ਐਮ. ਫਲਾਇੰਗ ਸਕੁਐਡ ਵੱਲੋਂ ਅੱਜ ਇਸ ਸੜਕ ਦੀ ਜਾਂਚ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਵਿੱਚ ਅਜਿਹੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਕਿ ਹੁਣ ਸੜਕਾਂ ਸਮੇਤ ਕਿਸੇ ਵੀ ਵਿਕਾਸ ਕਾਰਜਾਂ ਵਿੱਚ ਕੋਈ ਵੀ ਘਟੀਆ ਮਿਆਰ ਦਾ ਮੈਟੀਰੀਅਲ ਵਰਤਣ ਦੀ ਕੋਈ ਗੁਜਾਇਸ਼ ਨਹੀਂ ਰਹੀ।

ਇਸੇ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਗਠਿਤ ਕੀਤੇ ਗਏ 'ਮੁੱਖ ਮੰਤਰੀ ਉਡਣ ਦਸਤੇ' 'ਚ 15 ਜ਼ਿਲ੍ਹਿਆਂ ਦੀਆਂ ਸੜਕਾਂ ਚੈਕ ਕਰਨ ਲਈ ਸ਼ਾਮਲ ਮੈਂਬਰ ਲੋਕ ਨਿਰਮਾਣ ਵਿਭਾਗ ਦੇ ਉਸਾਰੀ ਸਰਕਲ ਪਟਿਆਲਾ ਦੇ ਨਿਗਰਾਨ ਇੰਜੀਨੀਅਰ ਮਨਪ੍ਰੀਤ ਸਿੰਘ ਦੂਆ ਨੇ ਦੱਸਿਆ ਕਿ ਉਨ੍ਹਾਂ ਨੇ ਸੜਕ ਦੇ ਤਿੰਨ ਸੈਂਪਲ ਲਏ ਹਨ ਅਤੇ ਇਹ ਗੁਣਵੱਤਾ ਦੀ ਅਗਲੇਰੀ ਜਾਂਚ ਲਈ ਲੈਬਾਰਟਰੀ ਵਿਖੇ ਭੇਜੇ ਜਾਣਗੇ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਸਬੰਧਤ ਏਜੰਸੀ ਤੇ ਠੇਕੇਦਾਰ ਨੂੰ ਸਖ਼ਤ ਹਦਾਇਤ ਕਰਕੇ ਸੜਕ ਦੇ ਨਿਰਮਾਣ 'ਚ ਸਮਾਂਬੱਧ ਢੰਗ ਨਾਲ ਲੋੜੀਂਦੇ ਸੁਧਾਰ ਤੇ ਮੁਰੰਮਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਡੀ. ਐਮ. ਡਬਲਿਊ ਵਿਖੇ ਛੱਠ ਮਈਆ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ

ਪਟਿਆਲਾ, 29 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਪਟਿਆਲਾ ਦੇ ਡੀ.ਐਮ.ਡਬਲਯੂ. ਛੱਠ ਘਾਟ ਵਿਖੇ ਛੱਠ ਮਈਆ ਦਾ ਤਿਉਹਾਰ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਹ ਤਿਉਹਾਰ ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਨਾਲ-ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਬਹੁਤ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਦੀ ਪਤਨੀ ਸ਼੍ਰੀਮਤੀ ਸੁਮਨ ਗੁਪਤਾ ਅਤੇ ਰਾਜੇਸ਼ ਗੁਪਤਾ ਦੀ ਪਤਨੀ ਸ਼੍ਰੀਮਤੀ ਸੁਨੀਤਾ ਗੁਪਤਾ ਨੇ ਆਪਣੀ ਸਤਿਕਾਰਯੋਗ ਸੱਸ, ਮਾਤਾ ਸ਼ਿਵਰਾਤੀ ਗੁਪਤਾ ਦੇ ਆਸ਼ੀਰਵਾਦ ਨਾਲ ਇਹ ਛੱਠ ਤਿਉਹਾਰ ਮਨਾਇਆ। ਛੱਠ ਤਿਉਹਾਰ ਦੀ ਵਿਸ਼ੇਸ਼ਤਾ ਇਹ ਹੈ ਕਿ, ਸਨਾਤਨ ਧਰਮ ਦੀਆਂ ਰਸਮਾਂ ਅਨੁਸਾਰ, ਅੱਜ ਸ਼ਾਮ ਨੂੰ ਡੁੱਬਦੇ ਸੂਰਜ ਦੀ ਪੂਜਾ ਕੀਤੀ ਗਈ, ਅਤੇ ਕੱਲ੍ਹ ਸਵੇਰੇ ਚੜ੍ਹਦੇ ਸੂਰਜ ਦੀ ਪੂਜਾ ਕੀਤੀ ਜਾਵੇਗੀ ਅਤੇ ਜਲ ਚੜ੍ਹਾਇਆ ਜਾਵੇਗਾ। ਇਨ੍ਹਾਂ ਰਸਮਾਂ ਤੋਂ ਬਾਅਦ ਹੀ ਵਰਤ ਰੱਖਣ ਵਾਲਿਆਂ ਨੂੰ ਸੰਪੂਰਨ ਮੰਨਿਆ ਜਾਂਦਾ ਹੈ।

ਸਨਾਤਨ ਧਰਮ ਵਿੱਚ, ਡੁੱਬਦੇ ਅਤੇ ਚੜ੍ਹਦੇ ਸੂਰਜ ਦੀ ਪੂਜਾ ਕਰਨ ਦੀ ਇੱਕ ਰਸਮ ਹੈ, ਜੋ ਇੱਕ ਮਹੱਤਵਪੂਰਨ ਜੀਵਨ ਸੰਦੇਸ਼ ਪ੍ਰਦਾਨ ਕਰਦੀ ਹੈ।

ਛੱਡ ਪੂਜਾ ਦੇ ਇਸ ਸ਼ੁਭ ਮੌਕੇ ਤੇ ਸ਼ਿਵ ਸੈਨਾ ਹਿੰਦੁਸਤਾਨ ਤੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਜੀ ਦੀਆਂ ਦੋਨੋਂ ਬੇਟੀਆਂ ਕੁਮਾਰੀ ਸੋਭਾ ਗੁਪਤਾ ਅਤੇ ਕੁਮਾਰੀ ਕਿਰਨ ਗੁਪਤਾ ਅਤੇ ਸ਼ਿਵ ਸੈਨਾ ਹਿੰਦੁਸਤਾਨ ਦੇ ਸੀਨੀਅਰ ਨੇਤਾ ਸ੍ਰੀ ਸ਼ਮਾ ਕਾਂਤ ਪਾਂਡੇ ਅਤੇ ਸ੍ਰੀ ਅਮਰਜੀਤ ਬੰਟੀ ਵੀ ਹਾਜ਼ਰ ਸਨ।

ਫਲਾਇੰਗ ਸਕੁਐਡ ਵੱਲੋਂ ਬਾਹਰੋਂ ਆਏ ਪਰਮਲ ਝੋਨੇ ਦਾ ਟਰੱਕ ਕਾਬੂ, ਡਰਾਇਵਰ ਸਮੇਤ ਅਣਪਛਾਤੇ ਵਪਾਰੀਆਂ ਤੇ ਦਲਾਲਾਂ ਵਿਰੁੱਧ ਮਾਮਲਾ ਦਰਜ

ਬਾਹਰਲੇ ਰਾਜਾਂ ਤੋਂ ਅਣਅਧਿਕਾਰਤ ਤੌਰ 'ਤੇ ਪੰਜਾਬ ਵਿਕਣ ਆਏ ਝੋਨੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ: ਡਿਪਟੀ ਕਮਿਸ਼ਨਰ

ਪਟਿਆਲਾ, 29 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਬਾਹਰਲੇ ਰਾਜਾਂ ਤੋਂ ਪਰਮਲ ਝੋਨੇ ਦੀ ਫ਼ਸਲ ਨੂੰ ਪੰਜਾਬ ਵਿੱਚ ਲਿਆ ਕੇ ਅਣ ਅਧਿਕਾਰਤ ਤੌਰ 'ਤੇ ਵੇਚਣ ਵਿਰੁੱਧ ਖੁਰਾਕ ਅਤੇ ਸਿਵਲ ਸਪਲਾਈਜ ਵਿਭਾਗ, ਪੰਜਾਬ ਮੰਡੀ ਬੋਰਡ ਅਤੇ ਪੁਲਿਸ ਵੱਲੋਂ ਸਾਂਝੀ ਮੁਹਿਮ ਤਹਿਤ ਕੀਤੀ ਨਾਕਾਬੰਦੀ ਦੌਰਾਨ ਰਾਜਪੁਰਾ ਰੋਡ ਤੋਂ ਪੰਜਾਬ 'ਚ ਵੇਚਣ ਲਈ ਲਿਆਂਦਾ ਗਿਆ ਇੱਕ ਟਰੱਕ ਨੰਬਰ ਪੀ.ਬੀ. 06 ਏਕੇ 9782 ਨੂੰ ਕਾਬੂ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪੰਜਾਬ ਅੰਦਰ ਬਾਹਰੇ ਰਾਜਾਂ ਤੋਂ ਝੋਨਾ ਵੇਚਣ ਲਈ ਲਿਆਉਣ ਵਾਲੇ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ, ਕਿਉਂਕਿ ਪੰਜਾਬ ਅੰਦਰ ਝੋਨਾ ਐਮ.ਐਸ.ਪੀ 'ਤੇ ਖਰੀਦਿਆ ਜਾਂਦਾ ਹੈ, ਜਿਸ ਲਈ ਦਲਾਲ ਸਸਤੇ ਭਾਅ ਝੋਨਾ ਦੂਜੇ ਰਾਜਾਂ ਤੋਂ ਲਿਆ ਕੇ ਪੰਜਾਬ 'ਚ ਮਹਿੰਗੇ ਭਾਅ ਵੇਚਣ ਦੀ ਤਾਕ 'ਚ ਰਹਿੰਦੇ ਹਨ, ਜਿਨ੍ਹਾਂ 'ਤੇ ਨਜ਼ਰ ਰੱਖਣ ਲਈ ਜ਼ਿਲ੍ਹੇ ਭਰ 'ਚ ਨਾਕਾਬੰਦੀ ਕੀਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹੇ ਖੁਰਾਕ ਅਤੇ ਸਿਵਲ ਸਪਲਾਈਜ਼ ਕੰਟਰੋਲਰ ਡਾ. ਰਵਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਅੰਦਰ ਵੇਚਣ ਲਈ ਲਿਆਂਦੇ ਜਾ ਰਹੇ ਇੱਕ ਝੋਨੇ ਦੇ ਭਰੇ ਟਰੱਕ ਨੂੰ ਕਾਬੂ ਕਰਕੇ ਥਾਣਾ ਖੇੜੀ ਗੰਢਿਆਂ ਵਿਖੇ ਬੀ.ਐਨ.ਐਸ. ਦੀਆਂ ਧਾਰਾਵਾਂ 318 (2) ਅਤੇ 61 (2) ਤਹਿਤ ਪੁਲਿਸ ਕੇਸ ਦਰਜ ਕੀਤਾ ਗਿਆ ਹੈ। ਸਹਾਇਕ ਖੁਰਾਕ ਤੇ ਸਿਵਲ ਸਪਲਾਈ ਅਫ਼ਸਰ ਰਜਪੁਰਾ ਵਰਿੰਦਰ ਕੁਮਾਰ ਦੀ ਸ਼ਿਕਾਇਤ 'ਤੇ ਟਰੱਕ ਡਰਾਇਵਰ ਪਵਨਦੀਪ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਤਲਵੰਡੀ ਭਾਈ ਜ਼ਿਲ੍ਹਾ ਫ਼ਿਰੋਜ਼ਪੁਰ ਅਤੇ ਅਣਪਛਾਤੇ ਵਪਾਰੀਆਂ ਤੇ ਦਲਾਲਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਫਲਾਇੰਗ ਸਕੁਐਡ ਜਿਸ 'ਚ ਇੰਸਪੈਕਟਰ ਨਰਪਿੰਦਰ ਸਿੰਘ ਤੇ ਕੁਲਦੀਪ ਸਿੰਘ ਸ਼ਾਮਲ ਸਨ, ਨੇ ਜਦੋਂ ਟਰੱਕ ਦੀ ਬਿਲ ਬਿਲਟੀ ਚੈਕ ਕੀਤੀ ਤਾਂ ਇਸ ਉਪਰ ਕਟਿੰਗ ਕਰਕੇ ਕਾਪੀ ਦੇ ਜ਼ਿਲ੍ਹਾ ਕੁਲਪਾੜਾ ਤੋਂ ਖੰਨਾ ਦੇ ਐਡਰੈਸ ਨੂੰ ਖੰਨਾ ਕੱਟਕੇ ਜੰਮੂ ਕੀਤਾ ਹੋਇਆ ਸੀ। ਇਹ ਬਾਹਰੋਂ ਸਸਤੀ ਜੀਰੀ ਲਿਆਕੇ ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ ਚੂਨਾ ਲਾਉਣ ਦੀ ਕਾਰਵਾਈ ਹੈ, ਜਿਸ ਲਈ ਪੁਲਿਸ ਕੇਸ ਦਰਜ ਕਰ ਲਿਆ ਗਿਆ ਹੈ।

ਡੀ.ਐਫ.ਐਸ.ਸੀ. ਨੇ ਸਪੱਸ਼ਟ ਕੀਤਾ ਕਿ ਪੰਜਾਬ ਰਾਜ ਅੰਦਰ ਜੇਕਰਰ ਕਿਸੇ ਵੀ ਪ੍ਰਕਾਰ ਦਾ ਅਨਾਜ ਲਿਆਇਆ ਜਾਣਾ ਹੁੰਦਾ ਹੈ ਤਾਂ ਉਸ ਦਾ ਬੀ.ਟੀ.ਐਸ ਟੋਕਨ ਹੋਣਾ ਜਰੂਰੀ ਹੈ ਪਰੰਤੂ ਇਹ ਗੱਡੀ ਸ਼ੱਕੀ ਜਪੀ ਤੇ ਇਸ ਵਿੱਚ ਪਰਮਲ ਜੀਰੀ ਪਾਈ ਗਈ ਹੈ।

ਨੌਵੇਂ ਪਾਤਸ਼ਾਹ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ ਦਸਤਾਰ ਮੁਕਾਬਲਾ

ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਕੀਤਾ ਪੋਸਟਰ ਰਿਲੀਜ਼

ਪਟਿਆਲਾ, 29 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਦਸਤਾਰ ਏ ਖਾਲਸਾ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਦਸਤਾਰ ਮੁਕਾਬਲਾ' ਕਰਵਾਇਆ ਜਾਵੇਗਾ। ਇਸ ਸਬੰਧ ਵਿਚ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਡੀਟਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਅੱਜ ਦਸਤਾਰ ਮੁਕਾਬਲਿਆਂ ਨਾਲ ਸਬੰਧਤ ਪੋਸਟਰ ਰਿਲੀਜ਼ ਕਰਨ ਮੌਕੇ ਦਿੱਤੀ।

ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਅੱਜ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਦਸਤਾਰ ਏ ਖਾਲਸਾ ਜਥੇਬੰਦੀ ਦੇ ਅਹੁਦੇਦਾਰ ਸਾਹਿਬਾਨਾਂ ਨਾਲ ਮੀਟਿੰਗ ਕੀਤੀ ਅਤੇ ਦਸਤਾਰ ਮੁਕਾਬਲਿਆਂ ਨਾਲ ਸਬੰਧਤ ਪੋਸਟਰ ਰਿਲੀਜ਼ ਕਰਦਿਆਂ ਦੱਸਿਆ ਕਿ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਤਾਬਦੀ ਸਮਾਗਮਾਂ ਦੇ ਸਬੰਧ ਵਿਚ ਪ੍ਰੋਗਰਾਮ ਉਲੀਕੇ ਹਨ, ਉਥੇ ਹੀ ਸਿੱਖ ਜਥੇਬੰਦੀਆਂ, ਸੁਸਾਇਟੀਆਂ ਵੱਲੋਂ ਅਜਿਹੇ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ, ਜਿਸ ਤਹਿਤ ਦਸਤਾਰ ਏ ਖਾਲਸਾ ਕਲੱਬ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਦਸਤਾਰ ਅਤੇ ਦੁਮਾਲੇ ਮੁਕਾਬਲੇ ਕਰਵਾਏ ਜਾਣਗੇ। ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਦੱਸਿਆ ਕਿ ਅਜੌਕੀ ਪੀੜੀ ਨੂੰ ਅਮੀਰ ਵਿਰਸੇ, ਇਤਿਹਾਸ ਅਤੇ ਆਪਣੇ ਸ਼ਾਨਾਮੱਤੀ ਇਤਿਹਾਸ ਦੀਆਂ ਪ੍ਰੰਪਰਾਵਾਂ ਨਾਲ ਜੋੜਨ ਲਈ ਅਜਿਹਾ ਪ੍ਰੋਗਰਾਮ ਉਲੀਕਿਆ ਹੈ, ਜਿਸ ਵਿਚ ਨੌਜਵਾਨ ਦਸਤਾਰ ਤੇ ਦੁਮਾਲੇ ਮੁਕਾਬਲਿਆਂ ਵਿਚ ਭਾਗ ਲੈ ਸਕਣਗੇ। ਇਸ ਮੌਕੇ ਦਸਤਾਰ ਏ ਖਾਲਸਾ ਕਲੱਬ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਦਸਤਾਰ ਤੇ ਦੁਮਾਲੇ ਮੁਕਾਬਲੇ 2 ਨਵੰਬਰ ਨੂੰ ਝੰਡਾ ਗਰਾਊਂਡ ਰਾਜਪੁਰਾ ਵਿਖੇ ਹੋਣਗੇ। ਇਸ ਮੌਕੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਹੈਡ ਗ੍ਰੰਥੀ ਭਾਈ ਪੁਨਾਮ ਸਿੰਘ, ਗਿਆਨੀ ਫੂਲਾ ਸਿੰਘ, ਮੈਨੇਜਰ ਭਾਗ ਸਿੰਘ, ਰਿਕਾਰਡ ਕੀਪਰ ਸਰਬਜੀਤ ਸਿੰਘ ਅਤੇ ਦਸਤਾਰ ਏ ਖਾਲਸਾ ਟੀਮ ਦੇ ਅਹੁਦੇਦਾਰ ਮੈਂਬਰ ਸਾਹਿਬਾਨ ਸਾਮਲ ਸਨ।

ਫਾਇਨੈਂਸ ਐਂਡ ਕਾਂਟ੍ਰੈਕਟ ਕਮੇਟੀ ਦੀ ਮੀਟਿੰਗ ਵਿੱਚ ਕਰੋੜਾਂ ਦੇ ਵਰਕ ਆਰਡਰ ਜਾਰੀ

ਪਟਿਆਲਾ, 29 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਨਿਗਮ ਪਟਿਆਲਾ ਵੱਲੋਂ ਅੱਜ ਫਾਇਨੈਂਸ ਐਂਡ ਕਾਂਟ੍ਰੈਕਟ ਕਮੇਟੀ ਦੀ ਇੱਕ ਮਹੱਤਵਪੂਰਨ ਮੀਟਿੰਗ ਮੇਅਰ ਕੁੰਦਨ ਗੋਗੀਆ, ਕਮਿਸ਼ਨਰ ਪਰਮਜੀਤ ਸਿੰਘ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਜਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਅਤੇ ਕੌਂਸਲਰ ਤੇਜਿੰਦਰ ਮਹਿਤਾ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਨਿਗਰਾਨ ਇੰਜੀਨੀਅਰ, ਹੈਲਥ ਅਫਸਰ, ਸਹਾਇਕ ਕਮਿਸ਼ਨਰ ਅਤੇ ਡੀ.ਸੀ.ਐਫ.ਏ. ਸਮੇਤ ਹੋਰ ਉੱਚ ਅਧਿਕਾਰੀ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਮੀਟਿੰਗ ਦੌਰਾਨ ਸ਼ਹਿਰ ਦੇ ਵਿਕਾਸ, ਸੁੰਦਰਤਾ ਅਤੇ ਜਨ ਸਹੂਲਤਾਂ ਨਾਲ ਸੰਬੰਧਤ ਕਈ ਅਹਿਮ ਪ੍ਰਸਤਾਵਾਂ 'ਤੇ ਵਿਚਾਰ ਕਰਦੇ ਹੋਏ ਉਨ੍ਹਾਂ ਨੂੰ ਪ੍ਰਵਾਨ ਕੀਤਾ ਗਿਆ।

ਮੀਟਿੰਗ ਵਿੱਚ ਮੇਅਰ ਅਤੇ ਕਮਿਸ਼ਨਰ ਵਲੋਂ ਸਾਂਝੇ ਤੌਰ ਤੇ ਜਾਣਕਾਰੀ ਦਿੱਤੀ ਗਈ ਕਿ ਐਲ ਐਂਡ ਟੀ ਕੰਪਨੀ ਵੱਲੋਂ ਪੁੱਟੀਆਂ ਸੜਕਾਂ ਦੀ ਰੀਕਾਰਪੇਟਿੰਗ ਕਰਨ ਲਈ ਲਗਭਗ ?4 ਕਰੋੜ 80 ਲੱਖ ਰੁਪਏ ਦੇ ਵਰਕ ਆਰਡਰ ਜਾਰੀ ਕੀਤੇ ਗਏ ਹਨ। ਜਿਸ ਵਿੱਚ ਡੇਰਾ ਬਾਬਾ ਜੱਸਾ ਸਿੰਘ ਸੜਕ, ਢਿਲੋ ਕਲੋਨੀ, ਮਹਿੰਦਰਾ ਕਲੋਨੀ ਨਾਲ ਲੱਗਦੀਆਂ ਸੜਕਾਂ, ਸੁਨਾਮੀ ਗੇਟ ਨੇੜੇ ਰੋਜ਼ ਐਵਨਿਊ, ਝਿੱਲ ਤੋਂ ਆਨੰਦ ਨਗਰ ਮੇਨ ਰੋਡ, ਪ੍ਰੇਮ ਨਗਰ, ਹਰਿੰਦਰ ਨਗਰ, ਗਰੀਨ ਪਾਰਕ ਕਲੋਨੀ, ਉੱਧਮ

CJI ਵੱਲ ਜੁੱਤਾ ਸੁੱਟਣ ਦੀ ਕੋਸ਼ਿਸ਼: SC ਨੇ ਵਕੀਲ ਖਿਲਾਫ ਮਾਣਹਾਨੀ ਦੀ ਕਾਰਵਾਈ ਕਰਨ ਤੋਂ ਕੀਤਾ ਇਨਕਾਰ

ਨਵੀਂ ਦਿੱਲੀ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਉਹ ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਬੀ.ਆਰ. ਗਵਈ 'ਤੇ ਜੁੱਤੀ ਸੁੱਟਣ ਵਾਲੇ ਵਕੀਲ ਵਿਰੁੱਧ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰਨ ਲਈ ਤਿਆਰ ਨਹੀਂ ਹੈ। ਅਦਾਲਤ ਨੇ ਨੋਟ ਕੀਤਾ ਕਿ ਸੀਜੇਆਈ ਨੇ ਖੁਦ ਉਸ ਵਿਰੁੱਧ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਸਟਿਸ ਸੂਰਿਆ ਕਾਂਤ ਅਤੇ ਜੋਇਮਲਿਆ ਬਾਗਚੀ ਦੇ ਬੈਂਚ ਨੇ ਕਿਹਾ ਕਿ ਅਦਾਲਤ ਵਿੱਚ ਨਾਅਰੇਬਾਜ਼ੀ ਕਰਨਾ ਅਤੇ ਜੁੱਤੀ ਸੁੱਟਣਾ ਸਪੱਸ਼ਟ ਤੌਰ 'ਤੇ ਅਦਾਲਤ ਦੀ ਮਾਣਹਾਨੀ ਹੈ, ਪਰ ਇਹ ਸਬੰਧਤ ਜੱਜ 'ਤੇ ਨਿਰਭਰ ਕਰਦਾ ਹੈ ਕਿ ਅੱਗੇ ਵਧਣਾ ਹੈ ਜਾਂ ਨਹੀਂ। ਬੈਂਚ ਨੇ ਕਿਹਾ, ਮਾਨਹਾਨੀ ਦਾ ਨੋਟਿਸ ਜਾਰੀ ਕਰਨ ਨਾਲ ਸੀਜੇਆਈ 'ਤੇ ਜੁੱਤੀ ਸੁੱਟਣ ਵਾਲੇ ਵਕੀਲ ਨੂੰ ਬੇਲੋੜਾ ਮਹੱਤਵ ਮਿਲੇਗਾ ਅਤੇ ਘਟਨਾ ਨੂੰ ਲੰਮਾ ਕੀਤਾ ਜਾਵੇਗਾ। ਇਸ ਨੇ ਕਿਹਾ ਕਿ ਮਾਮਲੇ ਨੂੰ ਇਸ ਤਰ੍ਹਾਂ ਖਾਰਜ ਕਰ ਦਿੱਤਾ ਜਾਣਾ ਚਾਹੀਦਾ ਹੈ।

ਬੈਂਚ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐਸਸੀਬੀਏ) ਦੁਆਰਾ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ ਜਿਸ ਵਿੱਚ 71 ਸਾਲਾ ਵਕੀਲ ਰਾਕੇਸ਼ ਕਿਸ਼ੋਰ ਵਿਰੁੱਧ ਮਾਣਹਾਨੀ ਦੀ ਕਾਰਵਾਈ ਦੀ ਮੰਗ ਕੀਤੀ ਗਈ ਸੀ, ਜਿਸਨੇ 6 ਅਕਤੂਬਰ ਨੂੰ ਅਦਾਲਤ ਦੀ ਕਾਰਵਾਈ ਦੌਰਾਨ ਚੀਫ਼ ਜਸਟਿਸ 'ਤੇ ਜੁੱਤੀ ਸੁੱਟੀ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਬਣਾਉਣ 'ਤੇ ਵਿਚਾਰ ਕਰੇਗੀ। ਇਸਨੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਵੱਖ-ਵੱਖ ਅਦਾਲਤਾਂ ਵਿੱਚ ਜੁੱਤੀ ਸੁੱਟਣ ਦੀਆਂ ਘਟਨਾਵਾਂ ਦੇ ਵੇਰਵੇ ਇਕੱਠੇ ਕਰਨ ਲਈ ਕਿਹਾ। 16 ਅਕਤੂਬਰ ਨੂੰ, ਸੁਪਰੀਮ ਕੋਰਟ ਨੇ ਕਿਹਾ ਸੀ ਕਿ ਦੂਜਿਆਂ ਦੀ ਇੱਜ਼ਤ ਅਤੇ ਪਵਿੱਤਰਤਾ ਦੀ ਕੀਮਤ 'ਤੇ ਪ੍ਰਗਟਾਵੇ ਦੇ ਅਧਿਕਾਰ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

ਅਦਾਲਤ ਨੇ ਅਨਿਯੰਤ੍ਰਿਤ ਸੋਸ਼ਲ ਮੀਡੀਆ ਦੇ ਖ਼ਤਰਿਆਂ ਬਾਰੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਚੀਫ ਜਸਟਿਸ 'ਤੇ ਜੁੱਤੀ ਸੁੱਟਣ ਦੀ ਘਟਨਾ ਵਰਗੀਆਂ ਹਾਲੀਆ ਘਟਨਾਵਾਂ ਪੈਸਾ ਕਮਾਉਣ ਦੇ ਉੱਦਮਾਂ ਤੋਂ ਵੱਧ ਕੁਝ ਨਹੀਂ ਹਨ। ਚੀਫ ਜਸਟਿਸ 'ਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਦੀ ਇਹ ਬੇਮਿਸਾਲ ਘਟਨਾ 6 ਅਕਤੂਬਰ ਨੂੰ ਵਾਪਰੀ। ਕਿਸ਼ੋਰ ਨੇ ਆਪਣੇ ਜੁੱਤੇ ਉਤਾਰ ਕੇ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ 'ਤੇ ਸੁੱਟਣ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਬਾਰ ਕੌਂਸਲ ਆਫ਼ ਇੰਡੀਆ ਨੇ ਤੁਰੰਤ ਪ੍ਰਭਾਵ ਨਾਲ ਉਸਦਾ ਲਾਇਸੈਂਸ ਮੁਅੱਤਲ ਕਰ ਦਿੱਤਾ। ਅਦਾਲਤੀ ਕਾਰਵਾਈ ਦੌਰਾਨ ਵਾਪਰੀ ਇਸ ਘਟਨਾ ਤੋਂ ਬੇਪਰਵਾਹ, ਚੀਫ ਜਸਟਿਸ ਨੇ ਅਦਾਲਤ ਦੇ ਕਮਰੇ ਵਿੱਚ ਮੌਜੂਦ ਅਦਾਲਤੀ ਅਧਿਕਾਰੀਆਂ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਇਸ ਨੂੰ ਨਜ਼ਰਅੰਦਾਜ਼ ਕਰਨ ਅਤੇ ਅਪਰਾਧੀ ਵਕੀਲ ਰਾਕੇਸ਼ ਕਿਸ਼ੋਰ ਨੂੰ ਚੇਤਾਵਨੀ ਦੇ ਕੇ ਛੱਡ ਦੇਣ ਦਾ ਨਿਰਦੇਸ਼ ਦਿੱਤਾ। ਇਸ ਘਟਨਾ ਦੀ ਸਮਾਜ ਦੇ ਵੱਖ-ਵੱਖ ਹਿੱਸਿਆਂ ਵੱਲੋਂ ਵਿਆਪਕ ਨਿੰਦਾ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੀਫ ਜਸਟਿਸ ਨਾਲ ਗੱਲ ਕੀਤੀ।

ਸਰਹੱਦ 'ਤੇ ਪਾਕਿਸਤਾਨੀ ਡਰੋਨਾਂ ਨੇ ਸੁੱਟੇ ਡਰੱਗਸ ਦੇ ਪੈਕੇਟ, 25 ਕਰੋੜ ਰੁਪਏ ਦੀ ਹੈਰੋਇਨ ਜ਼ਬਤ

ਚੰਡੀਗੜ੍ਹ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਰੱਖਿਆ ਬਲਾਂ ਨੇ ਸੋਮਵਾਰ ਨੂੰ ਇੱਕ ਪਾਕਿਸਤਾਨੀ ਡਰੋਨ ਦੁਆਰਾ ਸੁੱਟੇ ਗਏ ਨਸ਼ੀਲੇ ਪਦਾਰਥਾਂ ਨਾਲ ਭਰੇ ਦੋ ਬੈਗ ਬਰਾਮਦ ਕਰਕੇ ਅੰਤਰਰਾਸ਼ਟਰੀ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਇੱਕ ਵੱਡੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਬੈਗਾਂ ਵਿੱਚ ਲਗਭਗ ਪੰਜ ਕਿਲੋਗ੍ਰਾਮ ਹੈਰੋਇਨ ਸੀ, ਜਿਸਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 25 ਕਰੋੜ ਰੁਪਏ ਤੋਂ ਵੱਧ ਸੀ। ਉਨ੍ਹਾਂ ਕਿਹਾ ਕਿ ਇਹ ਜ਼ਬਤ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਅਤੇ ਪੁਲਿਸ ਦੁਆਰਾ ਆਰ.ਐਸ. ਪੁਰਾ ਸੈਕਟਰ ਵਿੱਚ ਜਤਿੰਦਰ ਸਰਹੱਦੀ ਚੌਕੀ ਦੇ ਨੇੜੇ ਇੱਕ ਸਾਂਝੇ ਤਲਾਸ਼ੀ ਅਭਿਆਨ ਦੌਰਾਨ ਹੋਈ।

ਅਧਿਕਾਰੀਆਂ ਨੇ ਕਿਹਾ ਕਿ ਸਵੇਰੇ 6 ਵਜੇ ਦੇ ਕਰੀਬ ਇੱਕ ਪਾਕਿਸਤਾਨੀ ਡਰੋਨ ਨੂੰ ਭਾਰਤੀ ਸਰਹੱਦ 'ਤੇ ਘੁੰਮਦਾ ਦੇਖਿਆ ਗਿਆ, ਜਿਸ ਨਾਲ ਤਲਾਸ਼ੀ ਅਭਿਆਨ ਸ਼ੁਰੂ ਹੋ ਗਿਆ। ਬੀ.ਐਸ.ਐਫ. ਦੇ ਇੱਕ ਬੁਲਾਰੇ ਨੇ ਕਿਹਾ ਕਿ ਬਲਾਂ ਨੇ ਖਾਸ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ ਪਾਕਿਸਤਾਨ ਸਥਿਤ ਤਸਕਰਾਂ ਦੁਆਰਾ ਭਾਰਤੀ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੀ ਇੱਕ ਹੋਰ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ।

ਬੁਲਾਰੇ ਨੇ ਕਿਹਾ ÷29 ਅਕਤੂਬਰ ਦੀ ਸਵੇਰ ਨੂੰ ਬਿਦੀਪੁਰ ਪਿੰਡ ਨੇੜੇ ਸ਼ੁਰੂ ਕੀਤੇ ਗਏ ਇੱਕ ਸਰਚ ਅਭਿਆਨ ਦੌਰਾਨ, ਸੁਚੇਤ ਬੀ.ਐਸ.ਐਫ. ਦੇ ਜਵਾਨਾਂ ਨੇ ਲਗਭਗ 5,300 ਕਿਲੋਗ੍ਰਾਮ ਵਜ਼ਨ ਵਾਲੇ ਦੋ ਪੀਲੇ ਰੰਗ ਦੇ ਪੈਕੇਟ (ਜਿਨ੍ਹਾਂ ਵਿੱਚ 10 ਛੋਟੇ ਪੈਕੇਟ ਲਪੇਟੇ ਹੋਏ ਸਨ) ਬਰਾਮਦ ਕੀਤੇ,। ਬਿਦੀਪੁਰ ਪਿੰਡ ਦੇ ਨੇੜੇ ਇੱਕ ਖੇਤ ਵਿੱਚੋਂ ਇੱਕ ਸ਼ੱਕੀ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ ਹੈ। ਇਹ ਪਦਾਰਥ ਹੈਰੋਇਨ ਹੋਣ ਦਾ ਸ਼ੱਕ ਹੈ ਅਤੇ ਲੱਗਦਾ ਹੈ ਕਿ ਇਹ ਸਰਹੱਦ ਪਾਰ ਤੋਂ ਇੱਕ ਡਰੋਨ ਦੁਆਰਾ ਸੁੱਟਿਆ ਗਿਆ ਹੈ।

ਖੇਤਰ ਦੀ ਪੂਰੀ ਤਲਾਸ਼ੀ ਲਈ ਜਾ ਰਹੀ ਹੈ, ਉਸਨੇ ਕਿਹਾ, ਅੱਗੇ ਦੀ ਕਾਰਵਾਈ ਲਈ ਪੁਲਸ ਨੂੰ ਬੁਲਾਇਆ ਗਿਆ ਹੈ। ਇੱਕ ਪੁਲਸ ਅਧਿਕਾਰੀ ਨੇ ਕਿਹਾ ਕਿ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਹੋਰ ਜਾਂਚ ਜਾਰੀ ਹੈ।

ਪੰਜਾਬ ਯੂਨੀਵਰਸਿਟੀ ਵੱਲੋਂ ਸ਼ਹੀਦੀ ਸ਼ਤਾਬਦੀ ਸਬੰਧੀ ਸੈਮੀਨਾਰ ਰੋਕਣ ਦੀ ਸ਼੍ਰੋਮਣੀ ਕਮੇਟੀ ਵੱਲੋਂ ਨਿਖੇਧੀ

ਅੰਮ੍ਰਿਤਸਰ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਵਿਦਿਆਰਥੀ ਜਥੇਬੰਦੀ 'ਸੱਥ' ਦੇ ਯੂਨੀਵਰਸਿਟੀ ਵਿਚ ਕਰਵਾਏ ਜਾ ਰਹੇ ਸੈਮੀਨਾਰ ਨੂੰ ਰੋਕਣ ਦਾ ਨੋਟਿਸ ਲੈਂਦਿਆਂ ਇਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਆਪਣੇ ਪੱਧਰ 'ਤੇ ਜਾਂਚ ਕਰਵਾ ਕੇ ਕਾਰਵਾਈ ਕਰੇਗੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸੈਮੀਨਾਰ ਨਾ ਕਰਨ ਦੇਣਾ ਸਿੱਖੀ ਵਿਰੋਧੀ ਕਾਰਵਾਈ ਅਤੇ ਵਿਚਾਰਾਂ ਦੀ ਅਜ਼ਾਦੀ ਉੱਤੇ ਸਿੱਧਾ ਹਮਲਾ ਹੈ। ਇਹ ਬਹੁਤ ਹੀ ਦੁਖਦਾਈ ਤੇ ਚਿੰਤਾਜਨਕ ਗੱਲ ਹੈ ਕਿ ਪੰਜਾਬ ਦੀ ਧਰਤੀ ਉੱਤੇ ਬਣੀ ਪੰਜਾਬ ਯੂਨੀਵਰਸਿਟੀ ਵਿੱਚ ਸਿੱਖ ਵਿਦਵਾਨਾਂ ਅਤੇ ਵਿਚਾਰਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਜਦੋਂ ਸਿੱਖ ਕੌਮ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਦੀ ਸ਼ਤਾਬਦੀ ਮਨਾ ਰਹੀ ਹੈ ਤਾਂ ਹਰ ਜਥੇਬੰਦੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਵਿਅਕਤ ਕਰਦਿਆਂ ਸਮਾਗਮ ਤੇ ਸੈਮੀਨਾਰ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਯੂਨੀਵਰਸਿਟੀ ਪ੍ਰਬੰਧਕ ਆਪ ਇਸ ਸੈਮੀਨਾਰ ਲਈ ਲੋੜੀਂਦੇ ਪ੍ਰਬੰਧ ਕਰਦੇ ਪਰ ਇਸ ਦੇ ਉਲਟ ਸਿੱਖ ਜਥੇਬੰਦੀਆਂ ਨੂੰ ਵੀ ਗੁਰੂ ਸਾਹਿਬ ਨੂੰ ਸ਼ਰਧਾ ਭੇਟ ਕਰਨ ਤੋਂ ਰੋਕਿਆ ਜਾ ਰਿਹਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਸਿੱਖ ਵਿਦਵਾਨਾਂ ਉੱਤੇ ਇਤਰਾਜ਼ ਕਰਕੇ ਸੈਮੀਨਾਰ ਰੱਦ ਕਰਨਾ ਪੂਰੀ ਤਰ੍ਹਾਂ ਤਰਕਹੀਣ ਤੇ ਪੱਖਪਾਤੀ ਰਵੱਈਆ ਹੈ।

ਗਾਇਕ ਸਤਿੰਦਰ ਸਰਤਾਜ ਵੱਲੋਂ ਮੁੱਖ ਮੰਤਰੀ ਸੈਣੀ ਨਾਲ ਮੁਲਾਕਾਤ

ਚੰਡੀਗੜ੍ਹ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਸਿੱਧ ਗਾਇਕ ਸਤਿੰਦਰ ਸਰਤਾਜ ਨੇ ਅੱਜ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ। ਇਸ ਦੌਰਾਨ ਸਤਿੰਦਰ ਸਰਤਾਜ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਅਧਾਰਿਤ ਆਪਣਾ ਗੀਤ ਹਿੰਦ ਦੀ ਚਾਦਰ ਸੁਣਾਇਆ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਤਿੰਦਰ ਸਰਤਾਜ ਦੇ ਗੀਤ ਹਿੰਦ ਦੀ ਚਾਦਰ ਨੂੰ ਸੁਣਨ ਤੋਂ ਬਾਅਦ ਉਨ੍ਹਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਤਿੰਦਰ ਸਰਤਾਜ ਦਾ ਇਹ ਗੀਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲਿਦਾਨ ਅਤੇ ਉਨਾਂ ਦੀ ਮਨੁੱਖਤਾ ਪ੍ਰਤੀ ਦੇਣ ਨੂੰ ਬਿਆਨ ਕਰਦਾ ਹੈ। ਸਰਤਾਜ ਨੇ ਕਿਹਾ ਕਿ ਹਿੰਦ ਦੀ ਚਾਦਰ ਗੀਤ ਗੁਰੂ ਤੇਗ ਬਹਾਦਰ ਜੀ ਦੀ ਉਸ ਮਹਾਨ ਵਿਰਾਸਤ ਨੂੰ ਨਮਨ ਹੈ, ਜਿਸ ਵਿੱਚ ਉਨ੍ਹਾਂ ਨੇ ਧਰਮ, ਮਨੁੱਖਤਾ ਅਤੇ ਸੱਚਾਈ ਦੀ ਰੱਖਿਆ ਲਈ ਆਪਣਾ ਸਿਰ ਕਟਵਾ ਦਿੱਤਾ, ਪਰ ਸਮਝੌਤਾ ਨਹੀਂ ਕੀਤਾ ਸੀ।

2020 ਦੰਗੇ: ਸੁਪਰੀਮ ਕੋਰਟ ਵੱਲੋਂ ਦਿੱਲੀ ਪੁਲਿਸ ਨੂੰ ਸਮਾਂ ਦੇਣ ਤੋਂ ਇਨਕਾਰ

ਨਵੀਂ ਦਿੱਲੀ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਦਿੱਲੀ ਪੁਲੀਸ ਨੂੰ ਕਾਰਕੁਨਾਂ ਉਮਰ ਖਾਲਿਦ, ਸ਼ਰਜੀਲ ਇਮਾਮ, ਗੁਲਫਿਸ਼ਾ ਫਾਤਿਮਾ ਅਤੇ ਮੀਰਾਨ ਹੈਦਰ ਦੀਆਂ ਜ਼ਮਾਨਤ ਅਰਜ਼ੀਆਂ 'ਤੇ ਜਵਾਬ ਦਾਖ਼ਲ ਕਰਨ ਲਈ ਦੋ ਹਫ਼ਤੇ ਦਾ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਮਾਮਲਾ ਫਰਵਰੀ 2020 ਦੇ ਦਿੱਲੀ ਦੰਗਿਆਂ ਦੇ ਪਿੱਛੇ ਕਥਿਤ ਸਾਜ਼ਿਸ਼ ਨਾਲ ਸਬੰਧਤ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (UAPA) ਦੇ ਤਹਿਤ ਦਰਜ ਹੈ।

ਜਿਵੇਂ ਹੀ ਸੁਣਵਾਈ ਸ਼ੁਰੂ ਹੋਈ ਦਿੱਲੀ ਪੁਲੀਸ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਿਟਰ ਜਨਰਲ ਐੱਸ.ਵੀ. ਰਾਜੂ ਨੇ ਜਵਾਬੀ ਹਲਫ਼ਨਾਮਾ (counter-affidavit) ਦਾਖ਼ਲ ਕਰਨ ਲਈ ਸਮਾਂ ਮੰਗਿਆ। ਜਸਟਿਸ ਅਰਵਿੰਦ ਕੁਮਾਰ ਅਤੇ ਐੱਨ ਵੀ ਅੰਜਾਰੀਆ ਦੇ ਬੈਂਚ ਨੇ ਦੋ ਹਫ਼ਤੇ ਦਾ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਇਸ ਮਾਮਲੇ ਦੀ ਸੁਣਵਾਈ 31 ਅਕਤੂਬਰ ਨੂੰ ਕਰਨਗੇ। ਬੈਂਚ ਨੇ ਕਿਹਾ, ਅਸੀਂ ਤੁਹਾਨੂੰ ਕਾਫ਼ੀ ਸਮਾਂ ਦਿੱਤਾ ਹੈ। ਪਿਛਲੀ ਵਾਰ ਨੋਟਿਸ ਜਾਰੀ ਕਰਦਿਆਂ ਅਸੀਂ ਖੁੱਲ੍ਹੇ ਕੋਰਟ ਵਿੱਚ ਕਿਹਾ ਸੀ ਕਿ ਅਸੀਂ ਇਸ ਮਾਮਲੇ ਦੀ ਸੁਣਵਾਈ 29 ਅਕਤੂਬਰ ਨੂੰ ਕਰਾਂਗੇ ਅਤੇ ਇਸ ਦਾ ਨਿਪਟਾਰਾ ਕਰਾਂਗੇ। ਬੈਂਚ ਨੇ ਕਿਹਾ, ਸਪੱਸ਼ਟ ਤੌਰ 'ਤੇ ਕਹੀਏ ਤਾਂ, ਜ਼ਮਾਨਤ ਦੇ ਮਾਮਲਿਆਂ ਵਿੱਚ ਜਵਾਬੀ ਕਾਰਵਾਈ ਦਾਖ਼ਲ ਕਰਨ ਦਾ ਕੋਈ ਸਵਾਲ ਹੀ ਨਹੀਂ ਹੁੰਦਾ।"

ਖਾਲਿਦ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਦੱਸਿਆ ਕਿ ਪਟੀਸ਼ਨਕਰਤਾ ਪੰਜ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹਨ ਪਟੀਸ਼ਨਕਰਤਾਵਾਂ ਵਿੱਚੋਂ ਇੱਕ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਪੂਰਾ ਮਾਮਲਾ ਮੁਕੱਦਮੇ ਵਿੱਚ ਹੋ ਰਹੀ ਦੇਰੀ ਬਾਰੇ ਹੈ ਅਤੇ ਸੁਣਵਾਈ ਵਿੱਚ ਹੋਰ ਦੇਰੀ ਨਹੀਂ ਹੋਣੀ ਚਾਹੀਦੀ।

ਚੋਣ ਕਮਿਸ਼ਨ ਦਾ ਵੱਡਾ ਐਲਾਨ SIR ਦਾ ਦੂਜਾ ਪੜਾਅ 12 ਰਾਜਾਂ 'ਚ ਸ਼ੁਰੂ, ਵੋਟਰ ਸੂਚੀ 'ਚ ਵੱਡਾ ਬਦਲਾਅ

ਨਵੀਂ ਦਿੱਲੀ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਬਿਹਾਰ ਵਿੱਚ SIR ਦੇ ਸਫਲਤਾਪੂਰਵਕ ਲਾਗੂ ਹੋਣ ਤੋਂ ਬਾਅਦ, ਹੁਣ ਦੂਜਾ ਪੜਾਅ ਦੇਸ਼ ਦੇ ਹੋਰ ਚੁਣੇ ਹੋਏ ਰਾਜਾਂ ਵਿੱਚ ਵੀ ਲਾਗੂ ਕੀਤਾ ਜਾਵੇਗਾ।

ਚੋਣ ਕਮਿਸ਼ਨ ਨੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਸਬੰਧੀ ਇੱਕ ਪ੍ਰੈਸ ਕਾਨਫਰੰਸ ਦੌਰਾਨ ਇੱਕ ਵੱਡਾ ਐਲਾਨ ਕੀਤਾ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਬਿਹਾਰ ਵਿੱਚ SIR ਦੇ ਸਫਲਤਾਪੂਰਵਕ ਲਾਗੂ ਹੋਣ ਤੋਂ ਬਾਅਦ, SIR ਦਾ ਦੂਜਾ ਪੜਾਅ ਹੁਣ ਦੇਸ਼ ਭਰ ਦੇ ਹੋਰ ਚੁਣੇ ਹੋਏ ਰਾਜਾਂ ਵਿੱਚ ਲਾਗੂ ਕੀਤਾ ਜਾਵੇਗਾ।

ਇਸ ਦੂਜੇ ਪੜਾਅ ਵਿੱਚ, ਇਸ ਨੂੰ 12 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਲਾਗੂ ਕੀਤਾ ਜਾਵੇਗਾ। ਪ੍ਰੈਸ ਕਾਨਫਰੰਸ ਦੀ ਸ਼ੁਰੂਆਤ ਵਿੱਚ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ, ਛੱਠ ਦੇ ਮੌਕੇ 'ਤੇ ਮੈਂ ਸਾਰਿਆਂ ਨੂੰ, ਖਾਸ ਕਰਕੇ ਬਿਹਾਰ ਦੇ 75 ਮਿਲੀਅਨ ਵੋਟਰਾਂ ਨੂੰ ਸਲਾਮ ਕਰਦਾ ਹਾਂ। ਬਿਹਾਰ ਵਿੱਚ SIR ਤੋਂ ਬਾਅਦ, ਸਾਰੇ 36 ਰਾਜ ਚੋਣ ਕਮਿਸ਼ਨਰਾਂ ਨਾਲ ਦੋ ਮੀਟਿੰਗਾਂ ਕੀਤੀਆਂ ਗਈਆਂ, ਜਿੱਥੇ ਦੇਸ਼ ਭਰ ਵਿੱਚ ਚੱਲ ਰਹੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ (SIR) ਦੇ ਤਜ਼ਰਬਿਆਂ 'ਤੇ ਚਰਚਾ ਕੀ

ਸੰਪਾਦਕੀ

ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿਚਾਲੇ ਜੰਗਬੰਦੀ ਕਿੰਨੀ ਦੇਰ ਟਿਕੇਗੀ

ਆਖਿਰਕਾਰ ਬੀਤੇ ਦਿਨੀਂ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚਾਲੇ ਇਕ ਹਫਤੇ ਤੱਕ ਚੱਲੀ ਜੰਗ ਦਾ ਕਤਰ ਅਤੇ ਤੁਰਕੀ ਦੇ ਦਖਲ ਨਾਲ ਅੰਤ ਹੋ ਗਿਆ। ਅਫਗਾਨਿਸਤਾਨ 'ਚ 2021 'ਚ ਤਾਲਿਬਾਨ ਦੇ ਸੱਤਾ 'ਚ ਆਉਣ ਦੇ ਬਾਅਦ ਤੋਂ ਦੋਹਾਂ ਦੇਸ਼ਾਂ ਵਿਚਾਲੇ ਇਹ ਹੁਣ ਤੱਕ ਦੀ ਸਭ ਤੋਂ ਭਿਆਨਕ ਜੰਗ ਸੀ।

ਇਸ 'ਚ ਪਾਕਿਸਤਾਨ ਦੇ ਹਮਲਿਆਂ ਅਤੇ ਅਫਗਾਨਿਸਤਾਨ ਵਲੋਂ ਪਾਕਿਸਤਾਨ 'ਤੇ ਜਵਾਬੀ ਹਮਲਿਆਂ ਨਾਲ ਦਰਜਨਾਂ ਲੋਕਾਂ ਦੀ ਮੌਤ ਹੋਈ। ਅਫਗਾਨਿਸਤਾਨ ਅਨੁਸਾਰ ਪਾਕਿਸਤਾਨ ਦੇ ਹਮਲਿਆਂ ਨਾਲ ਤਿੰਨ ਕ੍ਰਿਕਟ ਖਿਡਾਰੀਆਂ ਸਮੇਤ ਉਸ ਦੀ ਸਿਵਲੀਅਨ ਆਬਾਦੀ ਮਰੀ ਹੈ, ਜਦਕਿ ਇਸਲਾਮਾਬਾਦ ਦਾ ਕਹਿਣਾ ਹੈ ਕਿ ਉਸ ਨੇ ਸਿਰਫ ਅੱਤਵਾਦੀਆਂ ਨੂੰ ਨਿਸ਼ਾਨਾ ਬਣਾਇਆ।

ਪਾਕਿਸਤਾਨ ਦੇ ਲਿਹਾਜ਼ ਨਾਲ ਦੋਹਾਂ ਦੇਸ਼ਾਂ 'ਚ ਜੰਗਬੰਦੀ ਦੀ ਖੁਸ਼ੀ ਜਲਦੀ ਹੀ ਖਤਮ ਹੋ ਗਈ ਜਦੋਂ ਕਤਰ ਸਰਕਾਰ ਨੇ ਸ਼ਾਇਦ ਤਾਲਿਬਾਨ ਦੇ ਦਬਾਅ ਅਧੀਨ ਆਪਣੇ ਪਹਿਲੇ ਬਿਆਨ ਨੂੰ ਬਦਲ ਕੇ ਅਫਗਾਨਿਸਤਾਨ-ਪਾਕਿਸਤਾਨ ਸਰਹੱਦ 'ਤੇ ਤਣਾਅ ਖਤਮ ਕਰਨ ਸੰਬੰਧੀ ਵਰਣਨ ਹਟਾ ਕੇ ਪਾਕਿਸਤਾਨ ਨੂੰ ਉਲਝਣ 'ਚ ਪਾ ਦਿੱਤਾ। ਹਾਲਾਂਕਿ ਫਿਲਹਾਲ ਅਫਗਾਨਿਸਤਾਨ ਅਤੇ ਪਾਕਿਸਤਾਨ 'ਚ ਜੰਗਬੰਦੀ ਹੋ ਗਈ ਹੈ, ਪਰ ਦੋਵਾਂ ਦੇਸ਼ਾਂ 'ਚ ਅਜੇ ਵੀ ਪਸ਼ਤੂਨ ਸਮੱਸਿਆ ਅਤੇ ਡੂਰੰਡ ਲਾਈਨ ਵਰਗੇ ਮੁੱਦੇ ਫਸੇ ਹੋਏ ਹਨ।

ਡੂਰੰਡ ਲਾਈਨ ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚਾਲੇ ਲਗਭਗ 2640 ਕਿਲੋਮੀਟਰ ਲੰਬੀ ਸਰਹੱਦ ਹੈ ਜੋ 1893 'ਚ ਬ੍ਰਿਟਿਸ਼ ਭਾਰਤ ਅਤੇ ਅਫਗਾਨਿਸਤਾਨ ਵਿਚਾਲੇ ਸਥਾਪਿਤ ਕੀਤੀ ਗਈ ਸੀ। ਉਸ ਦਾ ਨਾਂ ਬ੍ਰਿਟਿਸ਼ ਭਾਰਤ ਦੇ ਤਤਕਾਲੀ ਵਿਦੇਸ਼ ਸਕੱਤਰ 'ਸਰ ਹੈਨਰੀ ਮੋਰਟੀਮਰ ਡੂਰੰਡ' ਦੇ ਨਾਂ 'ਤੇ ਰੱਖਿਆ ਗਿਆ ਸੀ।

ਇਸ ਦਾ ਪੱਛਮੀ ਸਿਰਾ ਈਰਾਨ ਸਰਹੱਦ ਨਾਲ ਅਤੇ ਪੂਰਬੀ ਸਿਰਾ ਚੀਨੀ ਸਰਹੱਦ ਨਾਲ ਮਿਲਦਾ ਹੈ। ਇਹ ਅਫਗਾਨਿਸਤਾਨ ਦੇ ਇਤਰਾਜ਼ਾਂ ਦੇ ਕਾਰਨ 1947 'ਚ ਪਾਕਿਸਤਾਨ ਦੇ ਹੋਂਦ 'ਚ ਆਉਣ ਦੇ ਬਾਅਦ ਤੋਂ ਦੋਵਾਂ ਦੇਸ਼ਾਂ ਵਿਚਾਲੇ ਸੰਘਰਸ਼ ਦਾ ਮਹੱਤਵਪੂਰਨ ਕਾਰਨ ਬਣੀ ਹੋਈ ਹੈ। ਪਾਕਿਸਤਾਨ ਤਾਂ ਇਸ ਨੂੰ ਸਵੀਕਾਰ ਕਰਦਾ ਹੈ ਪਰ ਅਫਗਾਨਿਸਤਾਨ ਦੇ ਸ਼ਾਸਕਾਂ ਦਾ ਕਹਿਣਾ ਹੈ ਕਿ ਉਹ ਤਾਂ ਇਸ ਨੂੰ ਕਦੇ ਸਵੀਕਾਰ ਨਹੀਂ ਕਰਨਗੇ।

ਹਾਲ ਹੀ 'ਚ ਅਫਗਾਨਿਸਤਾਨ 'ਚ ਸੱਤਾਧਾਰੀ ਤਾਲਿਬਾਨ ਦੇ ਰੱਖਿਆ ਮੰਤਰੀ ਮੁੱਲਾ ਯਾਕੂਬ ਦੇ ਡੂਰੰਡ ਲਾਈਨ ਨੂੰ ਲੈ ਕੇ ਦਿੱਤੇ ਗਏ ਬਿਆਨ ਨੇ ਇਸ ਮੁੱਦੇ ਨੂੰ ਫਿਰ ਤੋਂ ਗਰਮਾ ਦਿੱਤਾ ਹੈ। ਇਸ ਲਈ ਹੋ ਸਕਦਾ ਹੈ ਕਿ ਇਸ ਨੂੰ ਲੈ ਕੇ ਦੋਵੇਂ ਦੇਸ਼ ਆਪਸ 'ਚ ਫਿਰ ਉਲਝ ਜਾਣ।

ਅੱਜਕੱਲ ਪਾਕਿਸਤਾਨ ਆਪਣਾ ਕੂਟਨੀਤਿਕ ਝੰਡਾ ਹਰ ਜਗ੍ਹਾ ਗੱਡ ਰਿਹਾ ਹੈ, ਪਰ ਇਸ ਦੇ ਸਭ ਤੋਂ ਵੱਧ ਕਰੀਬੀ ਅਫਗਾਨਿਸਤਾਨ ਦੇ ਨਾਲ ਪਾਕਿਸਤਾਨ ਦੀ ਸ਼ਾਇਦ ਨਾ ਬਣੇ ਕਿਉਂਕਿ ਅਫਗਾਨਿਸਤਾਨ ਦਾ ਕਹਿਣਾ ਹੈ ਕਿ ਪਖਤੂਨ ਵਾਲਾ ਅੱਧਾ ਇਲਾਕਾ ਉਸ ਦਾ ਹੈ ਜੋ ਪਾਕਿਸਤਾਨ ਕਦੇ ਵੀ ਅਫਗਾਨਿਸਤਾਨ ਨੂੰ ਦੇਣਾ ਸਵੀਕਾਰ ਨਹੀਂ ਕਰੇਗਾ। ਪਾਕਿਸਤਾਨ ਅਤੇ ਅਫਗਾਨ ਤਾਲਿਬਾਨ ਵਿਚਾਲੇ ਡੂਰੰਡ ਲਾਈਨ ਅਤੇ ਪਸ਼ਤੂਨ ਸਮੱਸਿਆ ਦੇ ਨਿਪਟਾਰੇ ਬਿਨਾਂ ਸਥਾਈ ਸ਼ਾਂਤੀ ਦਾ ਸਥਾਪਿਤ ਹੋਣਾ ਅਸੰਭਵ ਹੀ ਦਿਖਾਈ ਦਿੰਦਾ ਹੈ।

ਨਸ਼ੇ ਦੀ ਦਵਾਈ ਦੀ ਚੋਰੀ

ਮੋਗਾ ਦੇ ਸਿਵਲ ਹਸਪਤਾਲ 'ਚੋਂ ਕਰੀਬ ਸੱਤ ਲੱਖ ਰੁਪਏ ਮੁੱਲ ਦੇ ਬੁਪਰੇਨੋਰਫੀਨ ਟੀਕਿਆਂ ਦੀ ਚੋਰੀ ਦੀ ਘਟਨਾ ਨਾਲ ਸੰਸਥਾਈ ਲਾਪਰਵਾਹੀ ਦਾ ਖ਼ੁਲਾਸਾ ਹੋਇਆ ਹੈ। ਇਸ ਨਾਲ ਜਿੱਥੇ ਮਰੀਜ਼ਾਂ ਨੂੰ ਖ਼ਤਰਾ ਬਣਿਆ ਹੈ ਉੱਥੇ ਇਹ ਨਸ਼ਾ ਮੁਕਤੀ ਦੇ ਪ੍ਰੋਗਰਾਮਾਂ ਨੂੰ ਸਿਰ ਪਰਨੇ ਖੜ੍ਹਾ ਕਰਦੀ ਹੈ ਅਤੇ ਨਾਲ ਹੀ ਨਸ਼ਿਆਂ ਦੀ ਇਸ ਸ਼ਕਤੀਸ਼ਾਲੀ ਦਵਾਈ ਦੇ ਮੁਕਾਮੀ ਬਾਜ਼ਾਰਾਂ ਵਿੱਚ ਸਪਲਾਈ ਹੋਣ ਦੇ ਜੋਖਿਮ ਨੂੰ ਵੀ ਦਰਸਾਉਂਦੀ ਹੈ। ਬੁਪਰੇਨੋਰਫੀਨ ਕੋਈ ਆਮ ਦਵਾ ਨਹੀਂ ਸਗੋਂ ਸੀਮਤ ਤਰੀਕੇ ਨਾਲ ਦਿੱਤੀ ਜਾਣ ਵਾਲੀ ਓਪਿਆਇਡ ਦਵਾ ਹੈ ਜਿਸ ਦਾ ਸੇਵਨ ਦਰਦ ਘਟਾਉਣ ਅਤੇ ਨਸ਼ੇ ਦੀ ਲਤ ਛੁਡਾਉਣ ਲਈ ਕੀਤਾ ਜਾਂਦਾ ਹੈ। ਗ਼ਲਤ ਹੱਥਾਂ ਵਿੱਚ ਜਾਣ ਅਤੇ ਬੇਰੋਕ ਸੇਵਨ ਕਰਨ ਨਾਲ ਇਹ ਦਵਾ ਉਸੇ ਲਤ ਨੂੰ ਵਧਾ ਵੀ ਸਕਦੀ ਹੈ ਜਿਸ ਦੀ ਰੋਕਥਾਮ ਲਈ ਇਹ ਦਿੱਤੀ ਜਾਂਦੀ ਹੈ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਖ਼ਿਲਾਫ਼ ਰਾਜ ਦੀ ਚੱਲ ਰਹੀ ਲੜਾਈ ਅਸਰਅੰਦਾਜ਼ ਹੋ ਸਕਦੀ ਹੈ।

ਜਦੋਂ ਮੁਲਾਜ਼ਮਾਂ ਨੇ ਸਟੋਰ ਖੋਲ੍ਹਿਆ ਤਾਂ ਪਾਇਆ ਕਿ ਦਵਾਈ ਦਾ ਸਟਾਕ ਗਾਇਬ ਸੀ; ਮੁੱਢਲੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਤਾਲੇ ਟੁੱਟੇ ਹੋਏ ਸਨ ਅਤੇ ਸੀਸੀਟੀਵੀ ਕੈਮਰੇ ਨਹੀਂ ਚੱਲ ਰਹੇ ਸਨ ਅਤੇ ਗਾਰਡ ਤਾਇਨਾਤ ਨਹੀਂ ਸਨ। ਇਸ ਤੋਂ ਸੁਰੱਖਿਆ ਬਾਰੇ ਸਵਾਲ ਉੱਠ ਰਹੇ ਹਨ ਅਤੇ ਨਾਲ ਹੀ ਅੰਦਰੂਨੀ ਮਿਲੀਭੁਗਤ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ। ਫ਼ੌਰੀ ਤੌਰ 'ਤੇ ਨੁਕਸਾਨ ਉਨ੍ਹਾਂ ਮਰੀਜ਼ਾਂ ਦਾ ਹੁੰਦਾ ਹੈ ਜਿਨ੍ਹਾਂ ਨੂੰ ਵਾਜਿਬ ਇਲਾਜ ਨਹੀਂ ਮਿਲ ਪਾਉਂਦਾ; ਲੰਮੇ ਦਾਅ ਤੋਂ ਇਹ ਨੁਕਸਾਨ ਹੈ ਕਿ ਇਹੋ ਜਿਹੀ ਅਹਿਮ ਦਵਾ ਵਿਕਣ ਲਈ ਗਲੀਆਂ ਵਿੱਚ ਪਹੁੰਚ ਜਾਂਦੀ ਹੈ ਜਿੱਥੇ ਇਹ ਹੈਰੋਇਨ ਦਾ ਬਦਲ ਬਣ ਜਾਂਦੀ ਹੈ ਅਤੇ ਇਸ ਨਾਲ ਨਸ਼ਿਆਂ ਦੀ ਲਤ ਹੋਰ ਤੇਜ਼ ਹੁੰਦੀ ਹੈ ਤੇ ਜਿਸ ਤੋਂ ਬਚਣ ਲਈ ਰਾਜ ਨੂੰ ਪਿਛਲੇ ਕਈ ਸਾਲਾਂ ਤੋਂ ਜੱਦੋਜਹਿਦ ਕਰਨੀ ਪੈ ਰਹੀ ਹੈ।

ਇਹ ਕੋਈ ਇਕੱਲੀ ਇਕਹਿਰੀ ਘਟਨਾ ਨਹੀਂ ਹੈ। ਪਿਛਲੇ ਸਾਲ ਬਰਨਾਲਾ ਵਿੱਚ ਇਸੇ ਤਰ੍ਹਾਂ ਦੀ ਚੋਰੀ ਦੀ ਘਟਨਾ ਵਾਪਰਨ ਦੀ ਸੂਚਨਾ ਮਿਲੀ ਸੀ ਅਤੇ ਸੂਬੇ ਦੀ ਨਸ਼ਾ ਛੁਡਾਊ ਸਪਲਾਈ ਚੇਨ ਵਿੱਚ ਪਿਛਲੇ ਲੰਮੇ ਸਮੇਂ ਤੋਂ ਕਈ ਖ਼ਾਮੀਆਂ ਦਿਖਾਈ ਦੇ ਰਹੀਆਂ ਹਨ। ਇਸ ਤਰ੍ਹਾਂ ਦੇ ਵਰਤਾਰੇ ਸੰਕੇਤ ਦਿੰਦੇ ਹਨ ਕਿ ਇਹ ਚੋਰੀ ਚਕਾਰੀ ਦੀ ਕੋਈ ਇਕੱਲੀ ਘਟਨਾ ਨਹੀਂ ਸਗੋਂ ਵਿਵਸਥਾ ਵਿੱਚ ਲਾਪਰਵਾਹੀ ਦਾ ਆਲਮ ਹੈ। ਪੰਜਾਬ ਸਿਹਤ ਵਿਭਾਗ ਨੂੰ ਡਰੱਗ ਸਟੋਰਾਂ ਵਿੱਚ 24 ਘੰਟੇ ਸੀਸੀਟੀਵੀ ਕੈਮਰਿਆਂ ਦੀ ਕਵਰੇਜ, ਬਾਇਓਮੀਟਰਿਕ ਪਹੁੰਚ ਅਤੇ ਸਖ਼ਤ ਇਨਵੈਂਟਰੀ ਲੇਖੇ-ਜੋਖੇ ਯਕੀਨੀ ਬਣਾ ਕੇ ਇਨ੍ਹਾਂ ਨੂੰ ਸੁਰੱਖਿਅਤ ਕਰਨਾ ਚਾਹੀਦਾ ਹੈ। ਹਸਪਤਾਲ ਦੇ ਪ੍ਰਬੰਧਕਾਂ ਦੀ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ। ਰਾਜ ਸਰਕਾਰ ਨੂੰ ਨਸ਼ੀਲੀਆਂ ਦਵਾਈਆਂ ਦੀ ਟਰੈਕਿੰਗ ਦਾ ਵੀ ਡਿਜੀਟਾਈਜ਼ੇਸ਼ਨ ਕਰਨਾ ਚਾਹੀਦਾ ਹੈ ਅਤੇ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਅੱਗੜ-ਪਿੱਛੜ ਨਿਰਖ-ਪਰਖ ਕਰਦੇ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਪੁਲੀਸ ਅਤੇ ਸਿਹਤ ਅਧਿਕਾਰੀਆਂ ਨੂੰ ਅੰਦਰੂਨੀ ਮਿਲੀਭੁਗਤ ਦੇ ਪੱਖ ਦੀ ਤੇਜ਼ੀ ਅਤੇ ਪਾਰਦਰਸ਼ੀ ਢੰਗ ਨਾਲ ਜਾਂਚ ਕਰਨੀ ਚਾਹੀਦੀ ਹੈ। ਮੋਗਾ ਵਿੱਚ ਵਾਪਰੀ ਇਸ ਘਟਨਾ ਦੇ ਮੱਦੇਨਜ਼ਰ ਸਿਹਤ ਸੇਵਾਵਾਂ ਪ੍ਰਣਾਲੀ ਦੀ ਭਰੋਸੇਯੋਗਤਾ ਬਹਾਲ ਕਰਨ ਲਈ ਫ਼ੈਸਲਾਕੁਨ ਰੂਪ ਵਿੱਚ ਕੰਮ ਕਰਨ ਦੀ ਲੋੜ ਹੈ। ਜੇ ਇਸ ਬਾਰੇ ਆਮ ਵਾਂਗ ਢਿੱਲ-ਮੱਠ ਵਰਤੀ ਗਈ ਅਤੇ ਕੋਈ ਕਾਰਗਰ ਕਾਰਵਾਈ ਨਾ ਕੀਤੀ ਗਈ ਤਾਂ ਇਸ ਦਾ ਮਤਲਬ ਹੋਵੇਗਾ ਇਲਾਜ ਨਾਲ ਸਮਝੌਤਾ ਅਤੇ ਨਸ਼ਿਆਂ ਦੀ ਟਾਲਣਯੋਗ ਲਤ ਦਾ ਵਿਸਤਾਰ। ਇਸ ਸਮੇਂ ਖ਼ਾਨਾਪੂਰਤੀ ਵਾਲੀ ਕਾਰਵਾਈ ਦੀ ਨਹੀਂ ਸਗੋਂ ਸਮਾਂਬੱਧ ਸੁਧਾਰਾਂ ਦੀ ਲੋੜ ਹੈ।

ਸਰਹੱਦ ਨੇੜਿਓਂ ਨਸ਼ੀਲੇ ਪਦਾਰਥ ਤੇ ਅਸਲਾ ਬਰਾਮਦ

ਚੰਡੀਗੜ੍ਹ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਬੀਐੱਸਐੱਫ (BSF) ਦੇ ਇੱਕ ਅਧਿਕਾਰੀ ਨੇ ਐਤਵਾਰ ਨੂੰ ਦੱਸਿਆ ਕਿ ਪੰਜਾਬ ਦੇ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਦੋ ਪਿਸਤੌਲ, ਦੋ ਡਰੋਨ ਅਤੇ ਹੈਰੋਇਨ ਦਾ ਇੱਕ ਪੈਕੇਟ ਬਰਾਮਦ ਕੀਤਾ ਗਿਆ ਹੈ।

ਅਧਿਕਾਰੀ ਨੇ ਦੱਸਿਆ ਕਿ ਇੱਕ ਗੁਪਤ ਸੂਚਨਾ ਦੇ ਆਧਾਰ @ਤੇ ਬੀਐੱਸਐੱਫ ਦੇ ਜਵਾਨਾਂ ਨੇ ਫਿਰੋਜ਼ਪੁਰ ਵਿੱਚ ਸਰਹੱਦੀ ਖੇਤਰ ਦੇ ਨੇੜੇ ਇੱਕ ਤਲਾਸ਼ੀ ਮੁਹਿੰਮ ਚਲਾਈ ਅਤੇ ਬਹਾਦਰਕੇ ਪਿੰਡ ਦੇ ਨੇੜੇ ਇੱਕ ਖੇਤ ਵਿੱਚੋਂ ਇੱਕ ਮੈਗਜ਼ੀਨ ਅਤੇ ਦੋ ਕਾਰਤੂਸਾਂ ਵਾਲਾ ਇੱਕ ਪਿਸਤੌਲ ਬਰਾਮਦ ਕੀਤਾ।

ਉਧਰ ਸ਼ਨਿੱਚਰਵਾਰ ਨੂੰ ਬੀਐਸਐਫ ਦੇ ਕਰਮਚਾਰੀਆਂ ਨੇ ਅੰਮ੍ਰਿਤਸਰ ਦੇ ਕਾਹਨਗੜ੍ਹ ਪਿੰਡ ਦੇ ਨੇੜੇ ਇੱਕ ਖੇਤ ਵਿੱਚੋਂ ਇੱਕ ਡਰੋਨ ਨੂੰ ਨਕਾਰਾ (neutralised) ਕੀਤਾ । ਉਨ੍ਹਾਂ ਨੇ ਇੱਕ ਪਿਸਤੌਲ ਅਤੇ ਇੱਕ ਮੈਗਜ਼ੀਨ ਵੀ ਬਰਾਮਦ ਕੀਤੀ ਜੋ ਡਰੋਨ ਰਾਹੀਂ ਲਿਜਾਏ ਜਾ ਰਹੇ ਸਨ।ਅਧਿਕਾਰੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਦਾਓਕੇ ਪਿੰਡ ਨਾਲ ਲੱਗਦੇ ਖੇਤਰ ਵਿੱਚੋਂ ਇੱਕ ਹੋਰ ਟੁੱਟਿਆ ਹੋਇਆ ਡਰੋਨ ਵੀ ਬਰਾਮਦ ਕੀਤਾ ਗਿਆ। ਇਸ ਤੋਂ ਇਲਾਵਾ ਐਤਵਾਰ ਸਵੇਰੇ, ਬੀਐੱਸਐੱਫ ਦੇ ਜਵਾਨਾਂ ਨੇ ਅੰਮ੍ਰਿਤਸਰ ਦੇ ਭੈਣੀ ਰਾਜਪੂਤਾਨਾ ਪਿੰਡ ਦੇ ਨੇੜੇ ਇੱਕ ਖੇਤੀਬਾੜੀ ਖੇਤ ਵਿੱਚੋਂ 553 ਗ੍ਰਾਮ ਵਜ਼ਨ ਵਾਲੀ ਹੈਰੋਇਨ ਦਾ ਇੱਕ ਪੈਕੇਟ ਵੀ ਬਰਾਮਦ ਕੀਤਾ।

ਗੋਲੀਬਾਰੀ ਦੌਰਾਨ ਜੱਗੂ ਭਗਵਾਨਪੁਰੀਆ ਗੈਂਗ ਨਾਲ ਸਬੰਧਤ 3 ਗ੍ਰਿਫ਼ਤਾਰ, 1 ਜ਼ਖਮੀ

ਜਲੰਧਰ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪੁਲੀਸ ਨੇ ਮੁਕਾਬਲੇ ਦੌਰਾਨ ਖ਼ਤਰਨਾਕ ਗੈਂਗਸਟਰ ਮਨਕਰਨ ਸਮੇਤ ਅਤੇ ਦੋ ਹੋਰ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲੀਸ ਦੀ ਜਵਾਬੀ ਫਾਇਰਿੰਗ 'ਚ ਮਨਕਰਨ ਦੇ ਢਿੱਡ 'ਚ ਗੋਲੀ ਲੱਗੀ, ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ।

ਸੀਪੀ ਧਨਪ੍ਰੀਤ ਕੌਰ ਨੇ ਦੱਸਿਆ ਕਿ ਰਾਮਾ ਮੰਡੀ ਇਲਾਕੇ ਵਿੱਚ ਕੁੱਝ ਬਦਮਾਸ਼ਾਂ ਵੱਲੋਂ ਫਾਇਰਿੰਗ ਕੀਤੀ ਗਈ ਸੀ , ਜਿਸ ਤੋਂ ਬਾਅਦ ਪੁਲੀਸ ਨੇ ਕਾਰਵਾਈ ਕਰਦਿਆਂ ਉਨ੍ਹਾਂ ਦਾ ਪਤਾ ਲਗਾਇਆ। ਬੁੱਧਵਾਰ ਸਵੇਰੇ ਕਰੀਬ 11ਵਜੇ ਸੀਆਈਏ ਸਟਾਫ ਜਲੰਧਰ ਦੇ ਇੰਚਾਰਜ ਸੁਰਿੰਦਰ ਸਿੰਘ ਨੂੰ ਮਨਕਰਨ ਦੀ ਲੋਕੇਸ਼ਨ ਸਲੇਮਪੁਰ ਮਸੰਦਾ ਇਲਾਕੇ 'ਚ ਮਿਲੀ।

ਉਨ੍ਹਾਂ ਦੱਸਿਆ ਕਿ ਘੇਰਾਬੰਦੀ ਦੌਰਾਨ ਮੋਟਰਸਾਈਕਲ 'ਤੇ ਸਵਾਰ ਤਿੰਨ ਮੁਲਜ਼ਮਾਂ - ਮਨਕਰਨ ਸਿੰਘ, ਸਿਮਰਨਜੀਤ ਸਿੰਘ ਅਤੇ ਜੈਵੀਰ ਸਿੰਘ - ਨੇ ਪੁਲੀਸ 'ਤੇ ਗੋਲੀਆਂ ਚਲਾ ਦਿੱਤੀਆਂ।

ਇਸ ਦੌਰਾਨ ਜਵਾਬੀ ਕਾਰਵਾਈ ਵਿੱਚ ਮਨਕਰਨ ਜ਼ਖਮੀ ਹੋ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਮਨਕਰਨ ਧਰਮਜੀਤ ਉਰਫ਼ ਧਰਮ ਦੇ ਅੰਮ੍ਰਿਤਸਰ ਕਤਲ ਕੇਸ ਵਿੱਚ ਲੋੜੀਂਦਾ ਸੀ ਅਤੇ ਉਸ ਵਿਰੁੱਧ ਪਹਿਲਾਂ ਵੀ ਕਈ ਮਾਮਲੇ ਦਰਜ ਸਨ। ਮਨਕਰਨ ਦੇ ਬਦਨਾਮ ਗੈਂਗਸਟਰ ਜੱਗੂ ਭਗਵਾਨਪੁਰੀਆ ਅਤੇ ਅੰਮ੍ਰਿਤ ਦਾਲਮ ਨਾਲ ਵੀ ਸਬੰਧ ਹਨ।

ਪੁਲੀਸ ਨੇ ਕਾਰਵਾਈ ਦੌਰਾਨ ਮੌਕੇ ਤੋਂ ਗ਼ੈਰ-ਕਾਨੂੰਨੀ ਹਥਿਆਰ ਵੀ ਬਰਾਮਦ ਕੀਤੇ ਹਨ ਅਤੇ ਮਨਕਰਨ ਦੇ ਦੋ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਤਿੰਨੋਂ ਮੁਲਜ਼ਮ ਜੱਗੂ ਭਗਵਾਨਪੁਰੀਆ ਗੈਂਗ ਨਾਲ ਸਬੰਧਤ ਦੱਸੇ ਜਾ ਰਹੇ ਹਨ।

ਜਾਣਕਾਰੀ ਅਨੁਸਾਰ ਮਨਕਰਨ ਅੰਮ੍ਰਿਤਸਰ ਦੇ ਪ੍ਰਸਿੱਧ ਧਰਮਾ ਮਰਡਰ ਕੇਸ 'ਚ ਸ਼ੂਟਰਾਂ ਦਾ ਮਦਦਗਾਰ ਹੈ। 26 ਸਤੰਬਰ ਨੂੰ ਅੰਮ੍ਰਿਤਸਰ ਦੇ ਛੇਹਰਟਾ ਇਲਾਕੇ 'ਚ ਧਰਮਜੀਤ ਸਿੰਘ ਉਰਫ ਧਰਮਾ ਦੀ ਗੋਲੀ ਮਾਰ ਕੇ ਹਤਿਆ ਕਰ ਦਿੱਤੀ ਗਈ ਸੀ। ਧਰਮਾ 2012 'ਚ ਏਐਸਆਈ ਰਵਿੰਦਰਪਾਲ ਦੀ ਹੱਤਿਆ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆ ਸੀ ਤੇ ਉਸ ਖਿਲਾਫ਼ ਐੱਨਡੀਪੀਐੱਸ ਤੇ ਆਰਮਜ਼ ਐਕਟ ਦੇ ਚਾਰ ਹੋਰ ਕੇਸ ਦਰਜ ਸਨ।

ਤੇਜ਼ਾਬ ਨਾਲ ਭਰੇ ਟੈਂਕਰ ਨੂੰ ਅੱਗ ਲੱਗੀ

ਫਗਵਾੜਾ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਤਿ-ਜਲਣਸ਼ੀਲ ਰਸਾਇਣ ਦੀ ਖੇਪ ਲੈ ਕੇ ਅੰਮ੍ਰਿਤਸਰ ਜਾ ਰਹੇ ਇੱਕ ਜਾ ਰਹੇ ਟੈਂਕਰ ਨੂੰ ਫਗਵਾੜਾ ਨੇੜੇ ਨੈਸ਼ਨਲ ਹਾਈਵੇਅ 'ਤੇ ਅੱਗ ਲੱਗ ਗਈ। ਡਰਾਈਵਰ, ਜਿਸ ਦੀ ਪਛਾਣ ਪਵਨ ਕੁਮਾਰ ਵਜੋਂ ਹੋਈ ਹੈ, ਦੀ ਸਮੇਂ ਸਿਰ ਚੌਕਸੀ ਅਤੇ ਤੁਰੰਤ ਕਾਰਵਾਈ ਨੇ ਇੱਕ ਭਿਆਨਕ ਧਮਾਕੇ ਨੂੰ ਹੋਣ ਤੋਂ ਰੋਕਿਆ, ਜਿਸ ਨਾਲ ਕਈ ਜਾਨਾਂ ਦਾ ਬਚਾਅ ਹੋ ਗਿਆ ਅਤੇ ਵੱਡੇ ਪੱਧਰ 'ਤੇ ਨੁਕਸਾਨ ਹੋਣ ਤੋਂ ਟਲ ਗਿਆ।

ਰਿਪੋਰਟਾਂ ਅਨੁਸਾਰ ਰਜਿਸਟ੍ਰੇਸ਼ਨ ਨੰਬਰ PB-FEL-1975 ਵਾਲਾ ਟੈਂਕਰ, ਜੋ ਡੇਰਾਬੱਸੀ ਤੋਂ 83* ਕੰਪਨੀ ਲਈ ਤੇਜ਼ਾਬ ਨਾਲ ਭਰਿਆ ਹੋਇਆ ਸੀ ਅਤੇ ਅੰਮ੍ਰਿਤਸਰ ਜਾ ਰਿਹਾ ਸੀ। ਡਰਾਈਵਰ ਪਵਨ ਕੁਮਾਰ ਨੇ ਸਵੇਰ ਦੇ ਤੜਕੇ ਫਗਵਾੜਾ ਤੋਂ ਲੰਘਦੇ ਸਮੇਂ ਗੱਡੀ ਦੇ ਕੈਬਿਨ ਵਿੱਚੋਂ ਧੂੰਆਂ ਨਿਕਲਦਾ ਦੇਖਿਆ। ਉਸ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਗੱਡੀ ਨੂੰ ਸੜਕ ਕਿਨਾਰੇ ਖੜ੍ਹਾ ਕੀਤਾ ਅਤੇ ਸਥਿਤੀ ਬਾਰੇ ਫਗਵਾੜਾ ਪੁਲੀਸ ਕੰਟਰੋਲ ਰੂਮ (PCR) ਨੂੰ ਸੁਚੇਤ ਕੀਤਾ।

PCR ਇੰਚਾਰਜ ਅਮਨ ਕੁਮਾਰ ਦਵੇਸ਼ਵਰ ਨੇ ਦੱਸਿਆ ਕਿ ਕਾਲ ਮਿਲਣ 'ਤੇ PCR ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਮਿੰਟਾਂ ਦੇ ਅੰਦਰ, ਫਾਇਰਮੈਨ ਦੀਪਕ ਕੁਮਾਰ ਸਮੇਤ ਫਾਇਰ ਕਰਮਚਾਰੀਆਂ ਦੀ ਅਗਵਾਈ ਵਿੱਚ ਫਗਵਾੜਾ ਫਾਇਰ ਬ੍ਰਿ



ਗੁਰਦੁਆਰਾ ਗੁਰੂਸਰ ਮਹਿਰਾਜ ਜੀ, ਜਿਸ ਵਿਚ ਦੋ ਨਿਸ਼ਾਨ ਸਾਹਿਬ ਨਜ਼ਰ ਆਉਂਦੇ ਹਨ।

ਗੁਰਦੁਆਰਾ ਸ਼ਹੀਦ ਗੰਜ ਸਾਹਿਬ।

ਗੁਰਦੁਆਰਾ ਸ਼ਹੀਦ ਗੰਜ ਵਿਚ ਜੋਤ, ਜੋ ਹਮੇਸ਼ਾ ਜਗਦੀ ਰਹਿੰਦੀ ਹੈ।

ਮਹਿਰਾਜ ਦੇ ਯੁੱਧ 'ਚ ਗੁਰੂ ਹਰਗੋਬਿੰਦ ਜੀ ਨੇ ਖ਼ੁਦ ਸ਼ਾਮਿਲ ਹੋ ਕੇ ਮੁਗ਼ਲ ਫ਼ੌਜਾਂ ਦੇ ਛੱਕੇ ਛੁਡਾਏ। ਉਨ੍ਹਾਂ ਜ਼ਖਮੀ ਮੁਗ਼ਲ ਸੈਨਿਕਾਂ ਦੀ ਮੱਲ੍ਹਮ ਪੱਟੀ ਕਰਵਾਈ ਅਤੇ ਮਾਰੇ ਗਿਆਂ ਨੂੰ ਦਫਨਾਇਆ। ਗੁਰੂ ਜੀ ਨੇ ਆਪਣੇ ਬਹਾਦਰ ਸਿੰਘਾਂ ਨੂੰ ਵਿਸ਼ੇਸ਼ ਸਨਮਾਨ ਦਿੱਤੇ...

ਮਹਿਰਾਜ ਯੁੱਧ ਦੀ ਅਨੂਠੀ ਦਾਸਤਾਨ

• ਚੰਦਰ ਪ੍ਰਕਾਸ਼
98762 15150

ਪੰਜਾਬ ਦੀ ਧਰਤੀ ਦੇ ਇਕ ਹਿੱਸੇ ਮਹਿਰਾਜ ਪਿੰਡ ਵਿਖੇ 1631 ਵਿਚ ਉਸ ਵੇਲੇ ਬਹੁਤ ਵੱਡੇ ਇਤਿਹਾਸ ਦੀ ਰਚਨਾ ਹੋਈ ਜਦ ਗੁਰੂ ਹਰਗੋਬਿੰਦ ਜੀ ਦੀ 4 ਹਜ਼ਾਰ ਫ਼ੌਜ ਨੇ ਮੁਗ਼ਲ ਸ਼ਾਸਕ ਸ਼ਾਹਜਹਾਂ ਦੀ 35 ਹਜ਼ਾਰ ਦੇ ਲਗਪਗ ਫ਼ੌਜ ਨੂੰ ਨੇਸਤੋ ਨਾਬੂਦ ਕਰ ਦਿੱਤਾ। ਲਾਹੌਰ ਦੇ ਮੁਗ਼ਲ ਸ਼ਾਸਕ ਦੀ ਦੋ ਘੋੜਿਆਂ ਨੂੰ ਪ੍ਰਾਪਤ ਕਰਨ ਅਤੇ ਉਸ ਨੂੰ ਗੁਰੂ ਹਰਗੋਬਿੰਦ ਜੀ ਦੇ ਕਬਜ਼ੇ ਵਿੱਚੋਂ ਛੁਡਾਉਣ ਦੀ ਨਾ ਖ਼ਤਮ ਹੋਣ ਵਾਲੀ ਲਾਲਸਾ ਨੇ ਮਹਿਰਾਜ ਦੇ ਯੁੱਧ ਨੂੰ ਜਨਮ ਦਿੱਤਾ, ਜੋ ਕਿ ਗੁਰੂ ਹਰਗੋਬਿੰਦ ਦੀ ਮੁਗ਼ਲਾਂ ਨਾਲ ਤੀਜੀ ਲੜਾਈ ਸੀ। ਇਸ ਯੁੱਧ ਵਿਚ 34 ਹਜ਼ਾਰ ਦੇ ਲਗਪਗ ਮੁਗ਼ਲ ਫ਼ੌਜੀ ਮਾਰੇ ਗਏ ਅਤੇ ਮੁਗ਼ਲ ਸ਼ਾਸਕ ਸ਼ਾਹਜਹਾਂ ਘੋੜਿਆਂ ਦੀ ਪ੍ਰਾਪਤੀ ਨਾ ਕਰ ਸਕਿਆ ਅਤੇ ਉਸ ਨੂੰ ਕਰਾਰੀ ਹਾਰ ਦਾ ਮੂੰਹ ਦੇਖਣਾ ਪਿਆ।

ਯੁੱਧ ਦਾ ਕਾਰਨ ਬਣੇ ਦਿਲਬਾਗ ਤੇ ਗੁਲਬਾਗ ਘੋੜੇ

ਬਠਿੰਡਾ ਜ਼ਿਲ੍ਹੇ ਦਾ ਮਹਿਰਾਜ ਪਿੰਡ ਦੁਨੀਆ ਦੇ ਨਕਸ਼ੇ 'ਤੇ ਇਕ ਵਿਸ਼ੇਸ਼ ਥਾਂ ਇਸ ਕਰਕੇ ਰੱਖਦਾ ਹੈ ਕਿ ਗੁਰੂ ਹਰਗੋਬਿੰਦ ਜੀ ਨੇ ਮੁਗ਼ਲਾਂ ਦੇ ਵਿਰੁੱਧ ਆਪਣਾ ਤੀਜਾ ਯੁੱਧ ਇਸ ਧਰਤੀ 'ਤੇ ਲੜਿਆ ਅਤੇ ਚਾਰ ਹਜ਼ਾਰ ਫ਼ੌਜ ਨਾਲ ਮੁਗ਼ਲਾਂ ਦੀ 35 ਹਜ਼ਾਰ ਫ਼ੌਜ ਨੂੰ ਕਰਾਰੀ ਹਾਰ ਦਿੱਤੀ। ਮਹਿਰਾਜ ਦਾ ਯੁੱਧ ਇਸ ਕਰਕੇ ਵੀ ਦੁਨੀਆ ਵਿਚ ਇਕ ਵਿਸ਼ੇਸ਼ ਥਾਂ ਰੱਖਦਾ ਹੈ ਕਿ ਇਸ ਯੁੱਧ ਦਾ ਮੁੱਖ ਕਾਰਨ ਦੋ ਬਹੁਤ ਸੋਹਣੇ ਅਤੇ ਫੁਰਤੀਲੇ ਘੋੜਿਆਂ, ਜਿਨ੍ਹਾਂ ਦਾ ਨਾਂ ਦਿਲਬਾਗ ਤੇ ਗੁਲਬਾਗ ਸੀ, ਦੀ ਪ੍ਰਾਪਤੀ ਲਈ ਸ਼ਾਹਜਹਾਂ ਦੀ ਨਾ ਖ਼ਤਮ ਹੋਣ ਵਾਲੀ ਲਾਲਸਾ ਸੀ। ਇਹ ਯੁੱਧ ਇਸ ਕਰਕੇ ਵੀ ਵਿਸ਼ੇਸ਼ ਥਾਂ ਰੱਖਦਾ ਹੈ ਕਿ ਇਸ ਯੁੱਧ ਵਿਚ 12 ਸੌ ਸਿੰਘ ਜਿਨ੍ਹਾਂ ਵਿਚ ਭਾਈ ਜੇਠਾ ਜੀ, ਜਿਸ ਨੂੰ ਗੁਰੂ ਜੀ ਦਾ ਸ਼ੇਰ ਵੀ ਕਿਹਾ ਜਾਂਦਾ ਸੀ, ਸ਼ਹੀਦ ਹੋਏ, ਜਦਕਿ ਮੁਗ਼ਲਾਂ ਦੇ 34 ਹਜ਼ਾਰ ਸੈਨਿਕਾਂ ਨੂੰ ਮੌਤ ਦਾ ਸਾਹਮਣਾ ਕਰਨਾ ਪਿਆ।

ਗੁਰੂ ਦਾ ਉਪਾਸ਼ਕ ਸੇਠ ਕਰੋੜੀ ਮੱਲ

ਮਾਲਵੇ ਦੇ ਸਭ ਤੋਂ ਵੱਡੇ ਪਿੰਡ ਮਹਿਰਾਜ ਵਿਚ ਕਿਸੇ ਵੇਲੇ 9 ਪੰਚਾਇਤਾਂ ਸਨ ਅਤੇ ਇਹ 9 ਪੱਤੀਆਂ ਚ ਵੰਡਿਆ ਹੋਇਆ ਸੀ। ਹੁਣ ਇਸ ਦਾ ਕੰਮਕਾਜ ਨਗਰ ਪੰਚਾਇਤ ਚਲਾ ਰਹੀ ਹੈ। ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਇਹ ਪੁਰਖਿਆਂ ਦਾ ਪਿੰਡ ਹੈ ਉਸ ਦੇ ਪੁਰਖੇ ਜੈਸਲਮੇਰ ਤੇ ਬੀਕਾਨੇਰ ਤੋਂ ਆ ਕੇ ਇੱਥੇ ਕਈ ਸੌ ਸਾਲ ਪਹਿਲਾਂ ਆ ਕੇ ਵਸੇ ਸਨ। ਇਤਿਹਾਸਕ ਤੱਥਾਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਕ ਕਾਬਲ ਇਲਾਕੇ ਦਾ ਇਕ ਮਸ਼ਹੂਰ ਵਪਾਰੀ ਸੇਠ ਕਰੋੜੀ ਮੱਲ, ਜੋ ਕਿ ਗੁਰੂ ਹਰਗੋਬਿੰਦ ਦਾ ਉਪਾਸ਼ਕ ਸੀ ਦੋ ਘੋੜਿਆਂ ਨੂੰ ਲੈ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪੰਜਾਬ ਵੱਲ ਤੁਰ ਪਿਆ। ਰਸਤੇ ਵਿਚ ਇਨ੍ਹਾਂ ਦਰਿਆਈ ਘੋੜਿਆਂ ਨੂੰ ਦੇਖਣ ਲਈ ਲੋਕਾਂ ਦੀ ਭੀੜ ਇਕੱਠੀ ਹੁੰਦੀ ਰਹੀ ਅਤੇ ਕਈ ਵਪਾਰੀਆਂ ਨੇ ਜਾਂ ਅਮੀਰ ਬੰਦਿਆਂ ਨੇ ਸੇਠ ਕਰੋੜੀ ਮੱਲ ਤੋਂ ਇਨ੍ਹਾਂ ਘੋੜਿਆਂ ਨੂੰ ਖ਼ਰੀਦਣ ਦੀ ਕੋਸ਼ਿਸ਼ ਵੀ ਕੀਤੀ ਪਰ ਸੇਠ ਕਰੋੜੀ ਮੱਲ ਨੇ ਹਰੇਕ ਖ਼ਰੀਦਦਾਰ ਨੂੰ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਕਿ ਇਹ ਦੋਵੇਂ ਘੋੜੇ ਤਾਂ ਗੁਰੂ ਸਾਹਿਬ ਦੇ ਹਨ।

ਬਿਧੀ ਚੰਦ ਨੂੰ ਸੌਂਪੀ ਡਿਊਟੀ

ਜਦ ਇਨ੍ਹਾਂ ਘੋੜਿਆਂ ਦੀ ਜਾਣਕਾਰੀ ਲਾਹੌਰ ਦੇ ਉਸ ਵੇਲੇ ਦੇ ਸੂਬੇਦਾਰ ਕਾਸਮ ਬੇਗ ਨੂੰ ਮਿਲੀ ਤਾਂ ਉਸ ਨੇ ਸੇਠ ਕਰੋੜੀ ਮੱਲ ਤੋਂ ਮੱਲੋ ਮੱਲੀ ਉਹ ਘੋੜੇ ਲੈ ਲਏ ਅਤੇ ਉਸ ਨੂੰ 2 ਲੱਖ 5 ਹਜ਼ਾਰ ਰੁਪਏ ਦੀ ਹੁੰਡੀ ਸ਼ਾਹੀ ਦਰਬਾਰ ਵਿਚ ਬੁਲਾ ਕੇ ਦੇ ਦਿੱਤੀ। ਇਨ੍ਹਾਂ ਘੋੜਿਆਂ ਦੀ ਜਾਣਕਾਰੀ ਕਾਸਮ ਬੇਗ ਨੇ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਨੂੰ ਵੀ ਦੇ ਦਿੱਤੀ।

ਉਦਾਸ ਮਨ ਨਾਲ ਅਤੇ ਭਰੀਆਂ ਅੱਖਾਂ ਨਾਲ ਜਦ ਸੇਠ ਕਰੋੜੀ ਮੱਲ ਨੇ ਗੁਰੂ ਹਰਗੋਬਿੰਦ ਦੇ ਸਾਹਮਣੇ ਪੇਸ਼ ਹੋ ਕੇ ਸਾਰੀ ਕਹਾਣੀ ਗੁਰੂਸਰ ਸੁਧਾਰ ਵਿਖੇ ਦੱਸੀ ਤਾਂ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਤੂੰ ਕਿਸੇ ਗੱਲ ਦੀ ਵੀ ਚਿੰਤਾ ਨਾ ਕਰ, ਤੇਰੇ ਘੋੜੇ ਗੁਰੂ ਘਰ ਵਿਚ ਪ੍ਰਵਾਨ ਹੋ ਚੁੱਕੇ ਹਨ ਅਤੇ ਆਪਣੇ ਆਪ ਗੁਰੂ ਘਰ ਵਿਚ ਆ ਜਾਣਗੇ। ਉਸ ਤੋਂ ਬਾਅਦ ਗੁਰੂ ਜੀ ਨੇ ਆਪਣੇ ਇਕ ਹੋਰ ਸਿੱਖ ਭਾਈ ਬਿਧੀ ਚੰਦ ਦੀ ਜ਼ਿੰਮੇਵਾਰੀ ਲਗਾ ਦਿੱਤੀ ਕਿ ਲਾਹੌਰ ਦਰਬਾਰ ਵਿੱਚੋਂ ਦੋਵੇਂ ਘੋੜੇ ਲੈ ਕੇ ਆਵੇ।

ਬਿਧੀ ਚੰਦ ਦੀ ਸਕੀਮ

ਗੁਰੂ ਦੇ ਹੁਕਮ ਮਿਲਦੇ ਹੀ ਭਾਈ ਬਿਧੀ ਚੰਦ ਲਾਹੌਰ ਵੱਲ ਕੂਚ ਕਰ ਗਿਆ ਅਤੇ ਕੁਝ ਦਿਨਾਂ ਦੇ ਅੰਦਰ-ਅੰਦਰ ਹੀ ਉਹ ਘਸੇਰਾ ਬਣ ਕੇ ਘਾਹ ਲਿਆ ਕੇ ਵੇਚਣ ਲੱਗ ਪਿਆ ਅਤੇ ਸ਼ਾਹੀ ਦਰਬਾਰ ਦੇ ਤਬੇਲੇ ਵਿਚ, ਜਿੱਥੇ ਦੋਵੇਂ ਘੋੜੇ ਰੱਖੇ ਹੋਏ ਸਨ, ਆਉਣਾ ਜਾਣਾ ਸ਼ੁਰੂ ਕਰ ਦਿੱਤਾ ਅਤੇ ਉਥੋਂ ਦੇ ਪਹਿਰੇਦਾਰਾਂ ਅਤੇ ਸੈਨਿਕਾਂ ਨਾਲ ਵਿਸ਼ਵਾਸ ਪੈਦਾ ਕਰ ਲਿਆ।

ਕੁਝ ਦਿਨਾਂ ਬਾਅਦ ਈਦ ਵਾਲੇ ਦਿਨ ਭਾਈ ਬਿਧੀ ਚੰਦ ਨੇ ਸ਼ਾਹੀ ਦਰਬਾਰ ਦੇ ਤਬੇਲੇ ਦੇ ਪਹਿਰੇਦਾਰਾਂ ਅਤੇ ਸੈਨਿਕਾਂ ਨੂੰ ਕਿਸੇ ਨਸ਼ੇ ਵਾਲੀ ਚੀਜ਼ ਦਾ ਸੇਵਨ ਕਰਵਾ ਕੇ ਮਦਹੋਸ਼ ਕਰ ਦਿੱਤਾ ਅਤੇ ਰਾਤ ਨੂੰ ਗੁਲਬਾਗ ਘੋੜਾ ਲੈ ਕੇ ਉਥੋਂ ਚੱਲ ਪਿਆ ਅਤੇ ਮਾਲਵੇ ਦੇ ਭਾਈਰੂਪੇ ਪਿੰਡ ਵਿਚ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ।

ਉਸ ਤੋਂ ਬਾਅਦ ਦੂਜਾ ਘੋੜਾ ਲੈ ਕੇ ਆਉਣ ਲਈ ਭਾਈ ਬਿਧੀ ਚੰਦ ਨੇ ਜੋਤਸ਼ੀ ਜਾਂ ਨਜੂਮੀ ਦਾ ਰੂਪ ਧਾਰਨ ਕਰ ਕੇ ਇਕ ਵਾਰ ਫਿਰ ਲਾਹੌਰ ਦੇ ਸ਼ਾਹੀ ਦਰਬਾਰ ਦੇ ਤਬੇਲੇ ਵਿਚ ਆਪਣਾ ਆਉਣਾ ਜਾਣਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਵਿਚ ਹੀ ਦਿਲਬਾਗ ਘੋੜਾ ਗੁਰੂ ਹਰਗੋਬਿੰਦ ਦੇ ਚਰਨਾਂ ਵਿਚ ਪਿੰਡ ਕਾਂਗੜ ਵਿਖੇ ਹਾਜ਼ਰ ਕਰ ਦਿੱਤਾ। ਗੁਰੂ ਜੀ ਕੋਲ ਜਦ ਇਹ ਦੋਵੇਂ ਘੋੜੇ ਪਹੁੰਚ ਗਏ ਤਾਂ ਉਨ੍ਹਾਂ ਨੇ ਦਿਲਬਾਗ ਦਾ ਨਾਂ ਜਾਨ ਭਾਈ ਰੱਖਿਆ ਅਤੇ ਗੁਲਬਾਗ ਦਾ ਨਾਂ ਸੁਹੇਲਾ ਰੱਖਿਆ।

ਦੂਜੇ ਘੋੜੇ ਲਈ ਤਿਆਰੀ

ਜਦ ਭਾਈ ਬਿਧੀ ਚੰਦ ਦੂਸਰਾ ਘੋੜਾ ਲਾਹੌਰ ਦੇ ਸ਼ਾਹੀ ਦਰਬਾਰ ਵਿੱਚੋਂ ਲੈ ਕੇ ਆ ਰਿਹਾ ਸੀ ਤਾਂ ਉਸ ਨੇ ਸ਼ਾਹੀ ਦਰਬਾਰ ਦੇ ਪਹਿਰੇਦਾਰਾਂ, ਸੈਨਿਕਾਂ ਤੇ ਹੋਰ ਉੱਚ ਕੋਟੀ ਦੇ ਕਰਮਚਾਰੀਆਂ ਨੂੰ ਦੱਸ ਦਿੱਤਾ ਕਿ ਇਹ ਘੋੜੇ ਗੁਰੂ ਜੀ ਦੇ ਸਨ ਅਤੇ ਉਹ ਇਹ ਘੋੜੇ ਗੁਰੂ ਜੀ ਕੋਲ ਮਾਲਵੇ ਦੀ ਧਰਤੀ 'ਤੇ ਲੈ ਕੇ ਚੱਲਿਆ ਹੈ। ਉਸ ਨੇ ਇਹ ਵੀ ਐਲਾਨ ਕਰ ਦਿੱਤਾ ਕਿ ਉਹ ਗੁਰੂ ਦਾ ਸਿੰਘ ਬਿਧੀ ਚੰਦ ਹੈ ਜੇ ਕਿਸੇ ਵਿਚ ਤਾਕਤ ਹੈ ਤਾਂ ਉਸ ਦਾ ਪਿੱਛਾ ਕਰ ਕੇ ਦੇਖ ਲਵੇ। ਜਦ ਭਾਈ ਬਿਧੀ ਚੰਦ ਨੇ ਗੁਰੂ ਜੀ ਨੂੰ ਇਹ ਸਾਰੀ ਕਹਾਣੀ ਦੱਸੀ ਤਾਂ ਗੁਰੂ ਜੀ ਨੇ ਉਨ੍ਹਾਂ ਕੋਲ ਬੈਠੇ ਭਾਈ ਰਾਏ ਜੋਧ ਨੂੰ ਕਿਹਾ ਕਿ ਮੁਗ਼ਲ ਫ਼ੌਜ ਯੁੱਧ ਕਰਨ ਪਿੱਛੇ ਅਵੱਸ਼ ਆਵੇਗੀ ਇਸ ਕਰਕੇ ਕੋਈ ਇਸ ਤਰ੍ਹਾਂ ਦੀ ਜਗ੍ਹਾ ਦੱਸੀ ਜਾਵੇ, ਜਿੱਥੇ ਯੁੱਧ ਲੜ ਕੇ ਮੁਗ਼ਲ ਫ਼ੌਜ 'ਤੇ ਫ਼ਤਹਿ ਪ੍ਰਾਪਤ ਕੀਤੀ ਜਾ ਸਕੇ।

ਯੁੱਧ ਦੀ ਤਿਆਰੀ

ਰਾਏ ਜੋਧ ਦੇ ਕਹਿਣ 'ਤੇ ਗੁਰੂ ਜੀ ਨੇ ਮਹਿਰਾਜ ਵਿਖੇ ਆਪਣੇ ਤੰਬੂ ਗੱਡ ਲਏ ਕਿਉਂਕਿ ਇਸ ਦੇ ਲਾਗੇ ਹੀ ਪਾਣੀ ਦੀ ਢਾਬ ਸੀ ਜਿਸ ਨੂੰ ਕਾਲ੍ਹੂ ਨਾਥ ਦੀ ਗੰਗਾ ਵੀ ਕਹਿੰਦੇ ਸਨ, ਇਹ ਇਲਾਕਾ ਯੁੱਧ ਨੀਤੀ ਦੇ ਪੱਖੋਂ ਪਰਪੱਕ ਸੀ। ਇਸ ਤੋਂ ਬਾਅਦ ਗੁਰੂ ਜੀ ਨੇ ਆਪਣੇ ਸਿੰਘ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਥੋੜ੍ਹੇ ਸਮੇਂ ਵਿਚ ਹੀ ਗੁਰੂ ਜੀ ਕੋਲ ਰਾਏ ਜੋਧ, ਸਲੇਮ ਸ਼ਾਹ, ਭਾਈ ਜੇਠਾ, ਭਾਈ ਮੰਝ, ਭਾਈ ਮਿੱਤੂ, ਭਾਈ ਭੋਮਾ, ਭਾਈ ਕਟਾਰਾ, ਭਾਈ ਭਾਗੂ, ਭਾਈ ਭਾਗਾ, ਭਾਈ ਬਿਧੀ ਚੰਦ ਅਤੇ ਭਾਈ ਜੈਤਾ ਆਪਣੀ ਸਿੱਖ ਫ਼ੌਜ ਸਮੇਤ ਹਾਜ਼ਰ ਹੋ ਗਏ। ਇਸ ਇਲਾਕੇ ਦੇ ਬਸ਼ਿੰਦਿਆਂ ਨੇ ਗੁਰੂ ਜੀ ਦੀ ਅਤੇ ਸਿੰਘਾਂ ਦੀ ਫ਼ੌਜ ਰਸਦ ਦਾ ਇੰਤਜ਼ਾਮ ਬਹੁਤ ਵੱਡੀ ਤਾਦਾਦ ਵਿਚ ਕਰ ਦਿੱਤਾ।

ਮੁਗ਼ਲ ਅਤੇ ਤੁਰਕ ਫ਼ੌਜਾਂ ਦੇ ਲਗਪਗ 35 ਹਜ਼ਾਰ ਸਿਪਾਹੀ ਚੋਣਵੇਂ ਜਰਨੈਲਾਂ, ਜਿਨ੍ਹਾਂ ਵਿਚ ਲਾਲ ਬੇਗ, ਉਸ ਦਾ ਭਰਾ ਕਮਰ ਬੇਗ, ਕਾਬਲੀ ਬੇਗ, ਇਸਮਾਈਲ ਖ਼ਾਨ, ਨਾਹਰ ਖ਼ਾਨ, ਜ਼ਾਲਮ ਖ਼ਾਨ ਅਤੇ ਸ਼ਮਸ਼ ਬੇਗ ਦੀ ਕਮਾਨ ਹੇਠ ਮਹਿਰਾਜ ਦੇ ਲਾਗੇ ਪਹੁੰਚ ਗਏ ਅਤੇ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦੇ ਹੁਕਮ 'ਤੇ ਗੁਰੂ ਹਰਗੋਬਿੰਦ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਲੜਾਈ ਦੇ ਮੈਦਾਨ ਵਿਚ ਮਾਰਨ ਲਈ ਤਿਆਰੀ ਕਰਨ ਲੱਗ ਪਏ।

ਮੁਗ਼ਲ ਫ਼ੌਜਾਂ ਬਹੁਤ ਵੱਡੀ ਗਿਣਤੀ ਵਿਚ ਗੁਰੂ ਜੀ 'ਤੇ ਹਮਲਾ ਕਰਨ ਲਈ ਮਹਿਰਾਜ ਵਿਖੇ ਲਾਹੌਰ ਤੋਂ ਚੱਲ ਕੇ ਹਰੀਕੇ ਪੱਤਣ ਸਤਲੁਜ ਦਰਿਆ ਪਾਰ ਕਰ ਕੇ ਪਹੁੰਚ ਗਈਆਂ। ਜਦ ਮੁਗ਼ਲ ਫ਼ੌਜਾਂ ਕੌੜੀਆਂ ਦੀ ਮਾੜੀ ਲਾਗੇ ਪਾਣੀ ਦੀ ਭਾਲ ਵਿਚ ਰਾਤ ਦੇ ਸਮੇਂ ਪਹੁੰਚੀਆਂ ਤਾਂ ਗੁਰੂ ਹਰਗੋਬਿੰਦ ਦੇ ਸਿੰਘ ਜੋ ਪੂਰੀ ਵਿਉਂਤਬੰਦੀ ਕਰ ਕੇ ਛੋਟੇ-ਛੋਟੇ ਜੱਥਿਆਂ ਦੇ ਰੂਪ ਵਿਚ ਉਸ ਇਲਾਕੇ ਵਿਚ ਪੂਰੀ ਤਿਆਰੀ ਨਾਲ ਬੈਠੇ ਸਨ ਅਤੇ ਇਸ ਮੌਕੇ ਦੀ ਤਲਾਸ਼ ਵਿਚ ਸਨ, ਇਕਦਮ ਮੁਗ਼ਲ ਫ਼ੌਜਾਂ 'ਤੇ ਟੁੱਟ ਪਏ ਅਤੇ ਥੋੜ੍ਹੇ ਸਮੇਂ ਵਿਚ ਹੀ ਬਹੁਤ ਵੱਡੀ ਗਿਣਤੀ ਵਿਚ ਮੁਗ਼ਲ ਫ਼ੌਜਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਹਜ਼ਾਰਾਂ ਮੁਗ਼ਲ ਫ਼ੌਜੀਆਂ ਦੀ ਮੌਤ ਦੇ ਪਿੱਛੋਂ ਇਨ੍ਹਾਂ ਦੇ ਜਰਨੈਲ ਲਾਲ ਬੇਗ ਨੇ ਆਪਣੇ ਭਰਾ ਕਮਰ ਬੇਗ ਨੂੰ 7 ਹਜ਼ਾਰ ਫ਼ੌਜੀਆਂ ਨਾਲ ਸਿੰਘਾਂ ਦਾ ਮੁਕਾਬਲਾ ਕਰਨ ਲਈ ਕਹਿ ਦਿੱਤਾ ਅਤੇ ਆਪ ਹੋਰ ਫ਼ੌਜੀ ਅਫ਼ਸਰਾਂ ਦੇ ਲਈ ਤੰਬੂ, ਰਸਦ ਅਤੇ ਹੋਰ ਇੰਤਜ਼ਾਮਾਂ ਵਿਚ ਰੁੱਝ ਗਿਆ ਪਰ ਸਿੰਘਾਂ ਦੀ ਦੇਗ ਚਲਾਉਣ ਦੀ ਗਤੀ ਨੂੰ ਵੇਖ ਕੇ ਮੁਗ਼ਲ ਫ਼ੌਜੀ ਅਫ਼ਸਰ ਭੈਭੀਤ ਹੋ ਗਏ ਅਤੇ ਯੁੱਧ ਦੇ ਮੈਦਾਨ ਵਿੱਚੋਂ ਦੂਰ ਜਾ ਕੇ ਅੱਗ ਸੇਕ ਕੇ ਠੰਢ ਨੂੰ ਦੂਰ ਕਰਨ ਲੱਗ ਪਏ।

ਮੁਗ਼ਲ ਫ਼ੌਜ ਦੇ ਛੱਕੇ ਛੁਡਾਏ

ਗੁਰੂ ਦੇ ਸਿੰਘ ਯੋਧੇ ਜਿਨ੍ਹਾਂ ਵਿਚ ਰਾਏ ਜੋਧ ਅਤੇ ਸਲੇਮ ਸ਼ਾਹ ਆਪਣੀ ਪੰਜ-ਪੰਜ ਸੌ ਫ਼ੌਜੀਆਂ ਦੀ ਟੁਕੜੀ ਨਾਲ ਲੜਾਈ ਲੜ ਰਹੇ ਸਨ, ਨੇ ਮੁਗ਼ਲ ਫ਼ੌਜਾਂ ਦੇ ਛੱਕੇ ਛੁਡਾ ਦਿੱਤੇ ਅਤੇ ਕੁਝ ਘੰਟਿਆਂ ਵਿਚ ਹੀ ਲੜਾਈ ਦਾ ਮੈਦਾਨ ਮੁਗ਼ਲ ਫ਼ੌਜਾਂ ਦੇ ਸਿਪਾਹੀਆਂ ਦੇ ਅਤੇ ਉਨ੍ਹਾਂ ਦੇ ਘੋੜਿਆਂ ਦੇ ਕੱਟੇ ਹੋਏ ਅੰਗਾਂ ਨਾਲ ਭਰ ਗਿਆ। ਮੁਗ਼ਲ ਫ਼ੌਜੀ ਹਨੇਰੀ ਤੇ ਠੰਢੀ ਰਾਤ ਨੂੰ ਲੜਾਈ ਦੇ ਮੈਦਾਨ 'ਚ ਤਾਸ਼ ਦੇ ਪੱਤਿਆਂ ਵਾਂਗ ਧਰਤੀ 'ਤੇ ਡਿੱਗ ਰਹੇ ਸਨ। ਇਸ ਤਰ੍ਹਾਂ ਸਿੰਘ ਯੋਧਿਆਂ ਨੇ 7 ਹਜ਼ਾਰ ਮੁਗ਼ਲ ਫ਼ੌਜਾਂ ਦੀ ਟੁਕੜੀ ਨੂੰ ਲੜਾਈ ਦੇ ਮੈਦਾਨ ਵਿੱਚੋਂ ਸਾਫ਼ ਕਰ ਦਿੱਤਾ।

ਦੂਸਰੇ ਦਿਨ ਫਿਰ ਲਾਲ ਬੇਗ, ਕਮਰ ਬੇਗ ਅਤੇ ਕੁਝ ਚੋਣਵੇਂ ਜਰਨੈਲ ਸਵੇਰੇ ਹੀ 8000 ਫ਼ੌਜੀਆਂ ਦੀ ਟੁਕੜੀ ਲੈ ਕੇ ਯੁੱਧ ਦੇ ਮੈਦਾਨ ਵਿਚ ਕੁੱਦ ਪਏ। ਸਿੰਘ ਯੋਧੇ, ਜਿਨ੍ਹਾਂ ਦਾ ਹੌਸਲਾ ਚੜ੍ਹਦੀਕਲਾ ਵਿਚ ਸੀ ਬਗ਼ੈਰ ਕਿਸੇ ਸਮੇਂ ਦੀ ਬਰਬਾਦੀ ਤੋਂ ਫਿਰ ਮੁਗ਼ਲ ਫ਼ੌਜਾਂ 'ਤੇ ਟੁੱਟ ਪਏ ਅਤੇ ਕੁੱਝ ਹੀ ਘੰਟਿਆਂ ਵਿਚ 8000 ਫ਼ੌਜੀਆਂ ਨੂੰ ਵੀ ਜੀਵਨ ਮੁਕਤੀ ਦੇ ਦਿੱਤੀ।

ਕਰੋ ਜਾਂ ਮਰੋ ਦੀ ਰਣਨੀਤੀ

8000 ਮੁਗ਼ਲ ਫ਼ੌਜੀਆਂ ਦੇ ਮਾਰੇ ਜਾਣ ਪਿੱਛੋਂ ਲਾਲ ਬੇਗ ਨੇ ਆਪਣੇ ਭਾਣਜੇ ਕਾਬਲੀ ਬੇਗ ਨਾਲ ਸਲਾਹ ਕੀਤੀ ਕਿ ਹੁਣ ਗੁਰੂ ਹਰਗੋਬਿੰਦ ਤੇ ਉਸ ਦੀਆਂ ਫ਼ੌਜਾਂ 'ਤੇ ਅਗਲੇ ਦਿਨ ਹਮਲਾ ਕਰੋ ਜਾਂ ਮਰੋ ਦੀ ਰਣਨੀਤੀ ਨਾਲ ਕੀਤਾ ਜਾਵੇਗਾ ਤਾਂ ਕਿ ਗੁਰੂ ਹਰਗੋਬਿੰਦ ਉੱਤੇ ਇਸ ਯੁੱਧ ਵਿਚ ਜਿੱਤ ਪ੍ਰਾਪਤ ਕੀਤੀ ਜਾ ਸਕੇ। ਪਰ ਲਾਲ ਬੇਗ ਦੇ ਦੋ ਪੁੱਤਰ ਕਾਸਮ ਬੇਗ ਅਤੇ ਸ਼ਮਸ਼ ਬੇਗ, ਜਿਹੜੇ ਬਹੁਤ ਗੁੱਸੇ ਵਿਚ ਸਨ, ਆਪਣੇ ਪਿਤਾ ਦੀ ਗੱਲ ਨਾ ਮੰਨਦੇ ਹੋਏ ਇਸ ਗੱਲ 'ਤੇ ਬਾਜ਼ਿੱਦ ਹੋ ਗਏ ਕਿ ਗੁਰੂ ਦੇ ਸਿੰਘਾਂ 'ਤੇ ਹਮਲਾ ਅੱਜ ਰਾਤ ਨੂੰ ਹੀ ਕਈ ਹਜ਼ਾਰ ਫ਼ੌਜ ਦੀ ਟੁਕੜੀ ਲੈ ਕੇ ਕੀਤਾ ਜਾਵੇਗਾ।

ਇਸ ਹਮਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਇਕ ਹਜ਼ਾਰ ਸਿੰਘ ਯੋਧਿਆਂ ਦਾ ਇਕ ਜਥਾ ਭਾਈ ਬਿਧੀ ਚੰਦ ਦੀ ਅਗਵਾਈ ਹੇਠ ਲੜਾਈ ਦੇ ਮੈਦਾਨ ਵਿਚ ਆ ਗਿਆ ਅਤੇ ਉਨ੍ਹਾਂ ਨੇ ਇਸ ਤਰ੍ਹਾਂ ਤੇਗ਼ ਵਾਹੀ ਕਿ ਦਿਨ ਚੜ੍ਹਦੇ ਨੂੰ ਮੁਗ਼ਲ ਫ਼ੌਜਾਂ ਵਿਚ ਭਾਜੜ ਪਾ ਦਿੱਤੀ ਅਤੇ ਲਾਸ਼ਾਂ ਦੇ ਢੇਰ ਵਿਛਾ

ਮੁੱਖ ਕਾਰਨ

• ਬਿੰਦਰ ਸਿੰਘ ਖੁੱਡੀ ਕਲਾਂ

'ਬਾਪੂ ਘਰੇ ਆਈ ਕੰਮ ਆ ਮਾੜਾ ਜਾ' ਸੱਥ 'ਚ ਬੈਠੇ ਅੱਸੀ ਵਰ੍ਹਿਆਂ ਦੇ ਜਾਗਰ ਸਿਹੁੰ ਨੂੰ ਉਸ ਦੇ ਪੋਤੇ ਨੇ ਆਵਾਜ਼ ਮਾਰੀ। 'ਐਥੇ ਈ ਦੱਸ ਦੇ, ਕੀ ਕੰਮ ਆ, ਵਾਰ-ਵਾਰ ਘਰੇ ਆਉਣਾ-ਜਾਣਾ ਮੈਨੂੰ ਔਖਾ ਲੱਗਦਾ'। ਜਾਗਰ ਸਿਹੁੰ ਬੋਲਿਆ। 'ਬਾਪੂ ਦੋ ਕੁ ਹਜ਼ਾਰ ਰੁਪਈਆ ਦੇਵੀ, ਕਾਰ 'ਚ ਤੇਲ ਪਵਾਉਣ ਨੂੰ, ਮੈਂ ਸਹੁਰੀਂ ਜਾ ਕੇ ਆਉਣਾ'। ਪੋਤੇ ਨੇ ਗੱਲ ਸਪੱਸ਼ਟ ਕੀਤੀ।

'ਦੋ ਹਜ਼ਾਰ ਰੁਪਈਆ ਤੇਲ ਲਈ'? ਜਾਗਰ ਸਿਹੁੰ ਪ੍ਰੇਸ਼ਾਨ ਜਿਹਾ ਹੋ ਕੇ ਬੋਲਿਆ, 'ਅਸੀਂ ਤਾਂ ਮੁਫ਼ਤੋ-ਮੁਫ਼ਤੀ ਸਹੁਰੀਂ ਜਾ ਆਉਂਦੇ ਸੀ। ਪੈਦਲ ਜਾਣਾ ਤੇ ਪੈਦਲ ਆਉਣਾ। ਚਲ ਤੂੰ ਬੱਸ 'ਤੇ ਚਲਾ ਜਾਹ, ਸਾਰਾ ਈ ਦੋ ਸੌ ਰੁਪਈਆ ਲੱਗੂ ਥੋਡਾ, ਤਿੰਨੇ ਜਣਿਆਂ ਦਾ'। 'ਬਾਪੂ ਤੂੰ ਤਾਂ ਪੁਰਾਣੀਆਂ ਗੱਲਾਂ ਕਰਦੈਂ, ਹੁਣ ਥੋਡੇ ਵਾਲੇ ਜ਼ਮਾਨੇ ਨਹੀਂ ਰਹੇ ਵੀ ਪੈਸੇਂ ਦੀ ਖਾਤਿਰ ਮਰੂੰ ਮਰੂੰ ਕਰੀ ਚਲੋ'। ਪੋਤਰੇ ਨੇ ਜਵਾਬ ਦਿੱਤਾ।

'ਹਾਂ ਪੁੱਤ ਤੂੰ ਸੱਚ ਈ ਕਹਿਨੈਂ, ਹੁਣ ਸੱਚੀ ਸਾਡੇ ਵਾਲੇ ਜ਼ਮਾਨੇ ਨੀ ਰਹੇ। ਸਾਡੇ ਵੇਲੇ ਲੋਕ ਚਾਦਰ ਵੇਖ ਕੇ ਪੈਰ ਪਸਾਰਦੇ ਹੁੰਦੇ ਸੀ ਨਾਲੇ ਪੈਸੇ ਦੀ ਖਾਤਿਰ ਮਰੂੰ-ਮਰੂੰ ਤਾਂ ਕਰਦੇ ਹੁੰਦੇ ਸੀ ਪਰ ਆਪ ਨਹੀਂ ਸੀ ਮਰਦੇ। ਸਾਡੇ ਵੇਲੇ ਲੋਕ ਆਮਦਨ ਤੇ ਖਰਚੇ ਦਾ ਹਿਸਾਬ ਰੱਖ ਕੇ ਪੈਸਾ ਖਰਚਦੇ ਸਨ'। ਖੁਦਕੁਸ਼ੀਆਂ ਦੇ ਮੁੱਖ ਕਾਰਨ ਦਾ ਖੁਲਾਸਾ ਕਰਦਾ ਜਾਗਰ ਸਿਹੁੰ ਖੂੰਡੀ ਚੁੱਕ ਘਰ ਵੱਲ ਨੂੰ ਹੋ ਤੁਰਿਆ। *ਮੋਬਾਈਲ : 98786-05965*

ਪੁੰਨ

ਸਿਨੀ ਕਹਾਣੀਆਂ

ਰਾਮ ਚੰਦ ਨੂੰ ਬਜ਼ਾਰੋਂ ਵਾਪਿਸ ਆਉਂਦਿਆਂ ਉਸ ਦੀ ਘਰਵਾਲੀ ਨੇ ਫੋਨ ਕੀਤਾ ਕਿ ਬੱਚਿਆਂ ਦੇ ਖਾਣ ਲਈ ਬਰੈੱਡ ਜ਼ਰੂਰ ਲੈ ਆਉਣਾ। ਉਸ ਨੇ ਆਪਣਾ ਸਾਈਕਲ ਇਕ ਦੁਕਾਨ ਦੇ ਬਾਹਰ ਖੜ੍ਹਾ ਕੀਤਾ ਤੇ ਬਾਹਰ ਰੱਖੇ ਬਰੈੱਡਾਂ ਨੂੰ ਵੇਖਣ ਲੱਗਾ। ਉਸ ਨੇ ਨੋਟ ਕੀਤਾ ਕਿ ਬਰੈੱਡ ਦੇ ਪੈਕਟਾਂ ਉੱਪਰ ਛਪੀ ਖਾਣ ਦੀ ਮਿਆਦ ਨੂੰ ਲੰਘੇ ਹੋਏ ਤਾਂ ਕਾਫੀ ਦਿਨ ਹੋ ਚੁੱਕੇ ਹਨ।

ਉਸ ਨੇ ਇਸ ਸਬੰਧੀ ਦੁਕਾਨਦਾਰ ਨੂੰ ਕਿਹਾ ਤਾਂ ਦੁਕਾਨਦਾਰ ਨੇ ਉਸ ਨੂੰ ਕਲ੍ਹ ਨੂੰ ਬਰੈੱਡ ਲੈ ਕੇ ਜਾਣ ਦੇ ਲਈ ਕਹਿ ਕੇ ਆਪਣੇ ਨੌਕਰ ਰਾਮੂ ਨੂੰ ਆਵਾਜ਼ ਮਾਰਦਿਆਂ ਕਿਹਾ ਕਿ ਰਾਮੂ ਇਹ ਸਾਰੀਆਂ ਬਰੈੱਡਾਂ ਦੇ ਪੈਕਟ ਸਾਡੇ ਮੁੱਹਲੇ ਦੇ ਧਾਰਮਿਕ ਸਥਾਨ 'ਤੇ ਛੱਡ ਆ।

ਕਿਸੇ ਇਨਸਾਨ ਦੇ ਮੂੰਹ ਵਿਚ ਪੈਣਗੇ ਅਤੇ ਪੁੰਨ ਦਾ ਕੰਮ ਵੀ ਹੋ ਜਾਵੇਗਾ। ਹੁਣ ਰਾਮ ਚੰਦ ਸਾਈਕਲ ਚਲਾਉਂਦਾ ਹੋਇਆ ਦੁਕਾਨਦਾਰ ਵੱਲੋਂ ਕੀਤੇ ਗਏ ਉਸ ਪੁੰਨ ਦੇ ਕੰਮ ਬਾਰੇ ਸੋਚਦਾ ਜਾ ਰਿਹਾ ਸੀ। ਆਪਣੇ ਬੱਚਿਆਂ ਲਈ ਬਰੈੱਡ ਲੈਣ ਦਾ ਚੇਤਾ ਉਸ ਨੂੰ ਭੁੱਲ ਹੀ ਗਿਆ ਸੀ।

• **ਰਮਨਦੀਪ ਸ਼ਰਮਾ,** *ਮੋਬਾਈਲ : 95010-33005*

ਆਧੁਨਿਕ ਸੰਵੇਦਨਾ ਦਾ ਸ਼ਾਇਰ ਹਰਮੀਤ ਵਿਦਿਆਰਥੀ

ਪ੍ਰੋ. ਜਸਪਾਲ ਘਈ
ਮੋਬਾਈਲ : 99150-99926

ਹਰਮੀਤ ਦੀ ਸ਼ਾਇਰੀ ਚਿੰਤਾ, ਚਿੰਤਨ ਅਤੇ ਚਾਹਤ ਦੀ ਸ਼ਾਇਰੀ ਹੈ। ਇਸ ਵਿਚ ਯਥਾਰਥ ਦੀ ਕਰੂਰਤਾ ਤੇ ਅਮਾਨਵੀਪਨ ਉੱਪਰ ਗਹਿਰੀ ਚਿੰਤਾ ਅਤੇ ਦੁੱਖ ਹੈ। ਉਹ ਸਥਿਤੀ ਪਿੱਛੇ ਗਤੀਸ਼ੀਲ ਕਾਰਨਾਂ ਅਤੇ ਸ਼ਕਤੀਆਂ ਨੂੰ ਸਾਹਮਣੇ ਲਿਆਉਣ ਵਾਲਾ ਚਿੰਤਕ ਤਾਂ ਹੈ ਇਸ ਦੇ ਨਾਲ ਹੀ ਇਨ੍ਹਾਂ ਕਰੂਰ ਸਥਿਤੀਆਂ ਨੂੰ ਬਦਲਣ ਦੀ ਤੀਬਰ ਚਾਹਤ ਵੀ ਹੈ ਉਸ ਵਿਚ...

ਹਰਮੀਤ ਵਿਦਿਆਰਥੀ ਸਮਕਾਲੀ ਪੰਜਾਬੀ ਸ਼ਾਇਰਾਂ ਦੀ ਉਸ ਢਾਣੀ ਵਿਚ ਨਿਵੇਕਲਾ ਸਥਾਨ ਰੱਖਣ ਵਾਲਾ ਸ਼ਾਇਰ ਹੈ, ਜੋ ਸਮਾਜਿਕ ਯਥਾਰਥ ਨੂੰ ਇਸ ਦੇ ਬਹੁਪਰਤੀ ਵਿਵੇਕ ਸਮੇਤ ਕਾਵਿ ਬਿੰਬ ਵਿਚ ਢਾਲਣ ਦੀ ਸਮਰਥਾ ਰਖਦੇ ਹਨ। ਉਸ ਦੀ ਸ਼ਾਇਰੀ ਚਿੰਤਾ, ਚਿੰਤਨ ਅਤੇ ਚਾਹਤ ਦੀ ਸ਼ਾਇਰੀ ਹੈ। ਕਿਉਂਕਿ ਇਸ ਵਿਚ ਯਥਾਰਥ ਦੀ ਕਰੂਰਤਾ ਤੇ ਅਮਾਨਵੀਪਨ ਉੱਪਰ ਗਹਿਰੀ ਚਿੰਤਾ ਅਤੇ ਦੁੱਖ ਹੈ, ਇਸ ਵਸਤੂ ਸਥਿਤੀ ਪਿੱਛੇ ਗਤੀਸ਼ੀਲ ਕਾਰਨਾਂ ਅਤੇ ਸ਼ਕਤੀਆਂ ਨੂੰ ਸਾਹਮਣੇ ਲਿਆਉਣ ਵਾਲਾ ਚਿੰਤਕ ਵੀ ਹੈ ਅਤੇ ਇਨ੍ਹਾਂ ਕਰੂਰ ਸਥਿਤੀਆਂ ਨੂੰ ਬਦਲਣ ਦੀ ਤੀਬਰ ਚਾਹਤ ਵੀ ਹੈ। ਇੰਜ ਉਸ ਦੀ ਸ਼ਾਇਰੀ ਸੰਵੇਦਨਾ ਤੋਂ ਚਿੰਤਨੀ ਵਿਵੇਕ ਤਕ ਫੈਲੀ ਹੋਈ ਹੈ, ਜਿਸ ਵਿੱਚੋਂ ਉਸ ਦੀ ਲੋਕ ਪੱਖੀ ਵਿਚਾਰਧਾਰਾ ਦੀ ਸਪਸ਼ਟ ਝਲਕ ਪ੍ਰਾਪਤ ਹੁੰਦੀ ਹੈ, ਦੇਖੋ ਵੰਨਗੀ :

ਮੇਰੀ ਜੀਭਾ ਨੂੰ ਚੁੱਪ ਰਹਿਣਾ
ਨਹੀਂ ਆਇਆ ਅਜੇ ਤੀਕਰ,
ਬੜ੍ਹਾ ਮੁਸ਼ਕਿਲ ਹੈ ਪਰ ਹੈ ਲਾਜ਼ਮੀ
ਸੱਚ ਬੋਲਦੇ ਰਹਿਣਾ।
ਮਿਲੀ ਗੁੜ੍ਹਤੀ ਸੀ ਤੇਰਾਂ ਨੇਜ਼ਿਆਂ
ਸੰਗ ਖੇਡਣੇ ਦੀ ਪਰ,
ਇਹ ਕਿੱਥੋਂ ਆ ਗਿਆ ਹੈ
ਗਿੜਗਿੜਾਉਣਾ ਰੀਰਦੇ ਰਹਿਣਾ।

ਹਰਮੀਤ ਵਿਦਿਆਰਥੀ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ ਅਤੇ ਅਨੇਕਾਂ ਖੇਤਰਾਂ ਵਿਚ ਸਰਗਰਮ ਹੈ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਮੀਤ ਪ੍ਰਧਾਨ ਰਿਹਾ ਹੈ ਅਤੇ ਜਨਰਲ ਸਕੱਤਰ ਵੀ। ਉਹ ਰੈਵੇਨਿਊ ਪਟਵਾਰ ਯੂਨੀਅਨ ਦਾ ਜ਼ਿਲ੍ਹਾ ਪ੍ਰਧਾਨ ਅਤੇ ਸਟੇਟ ਪੱਧਰ ਦਾ ਅਹੁਦੇਦਾਰ ਹੈ। ਉਹ ਅਨੇਕਾਂ ਸਮਾਜਿਕ ਸੱਭਿਆਚਾਰਕ ਜੱਥੇਬੰਦੀਆਂ ਵਿਚ ਸਰਗਰਮ ਹੈ। ਸ਼ਾਇਰ, ਚਿੰਤਕ, ਜੱਥੇਬੰਦਕ ਆਗੂ, ਸੰਪਾਦਕ, ਪਬਲਿਸ਼ਰ, ਐਂਕਰ, ਅਨੇਕਾਂ ਖੇਤਰਾਂ ਨਾਲ ਉਹ ਜੁੜਿਆ ਰਿਹਾ ਹੈ ਅਤੇ ਹਰ ਖੇਤਰ ਦਾ ਚਰਚਿਤ ਹਸਤਾਖਰ ਵੀ ਮੰਨਿਆ ਜਾਂਦਾ ਹੈ।

ਹਰਮੀਤ ਵਿਦਿਆਰਥੀ ਦਾ ਜਨਮ 9 ਜਨਵਰੀ 1968 ਨੂੰ ਫ਼ਿਰੋਜ਼ਪੁਰ ਵਿਖੇ ਹੋਇਆ। ਉਸ ਨੇ ਅੱਠਵੀਂ ਤਕ ਦੀ ਪੜ੍ਹਾਈ ਫ਼ਿਰੋਜ਼ਪੁਰ ਕੀਤੀ। ਪਿਤਾ ਸ. ਅਮਰੀਕ ਸਿੰਘ ਨਹਿਰ ਵਿਭਾਗ ਵਿਚ ਸਨ। ਉਨ੍ਹਾਂ ਦੀ ਬਦਲੀ ਹੋਣ ਕਾਰਨ ਪਰਿਵਾਰ ਫ਼ਰੀਦਕੋਟ ਆ ਗਿਆ। ਇੱਥੋਂ ਦੇ ਬਲਵੀਰ ਹਾਈ ਸਕੂਲ ਤੋਂ ਉਸ ਨੇ ਦਸਵੀਂ ਪਾਸ ਕੀਤੀ ਤੇ ਬਰਜਿੰਦਰਾ ਕਾਲਜ ਵਿਚ ਉਚੇਰੀ ਪੜ੍ਹਾਈ ਲਈ ਜਾ ਦਾਖ਼ਲ ਹੋਇਆ। ਭਾਵੇਂ ਬੀਏ ਅਤੇ ਐਮਏ (ਪੰਜਾਬੀ) ਉਸ ਨੇ ਪ੍ਰਾਈਵੇਟ ਹੀ ਕੀਤੀ ਪਰ ਕਾਲਜ ਵਿਚ ਲਗਾਏ ਦੋ ਕੁ ਸਾਲਾਂ ਨੇ ਉਸ ਦੇ ਮਨ 'ਚ ਉਸ ਦੇ ਸਕੂਲ ਅਧਿਆਪਕ ਨਵਰਾਹੀ ਘੁਗਿਆਣਵੀ ਦੁਆਰਾ ਪੜ੍ਹਨ ਲਿਖਣ ਦੇ ਬੀਜੇ ਬੀਜ ਨੂੰ ਇਕ ਦਿਲਕਸ਼ ਬੂਟੇ ਵਿਚ ਤਬਦੀਲ ਕਰ ਦਿੱਤਾ। ਧਰਮ ਕੰਮੇਆਣਾ, ਦਿਲਸ਼ਾਦ ਅਖ਼ਤਰ, ਪ੍ਰਕਾਸ਼ ਗਾਧੂ, ਪਾਲੀ ਭੁਪਿੰਦਰ, ਤੇਜਵਿੰਦਰ ਵਰਗੇ ਸਾਹਿਤ ਨਾਲ ਜੁੜੇ ਦੋਸਤਾਂ ਦੇ ਸਾਥ ਨੇ ਉਸ ਦਾ ਸਾਹਿਤ ਨਾਲ ਨਾਤਾ ਹੋਰ ਪੱਕਾ ਕਰ ਦਿੱਤਾ। ਕੁਝ ਅਜਿਹੇ ਦੋਸਤਾਂ ਦਾ ਸਾਥ, ਕੁਝ ਉਸ ਦੀ ਕਾਵਿ ਪ੍ਰਤਿਭਾ ਅਤੇ ਬਾਕੀ ਬਾਬਾ ਫ਼ਰੀਦ ਦੀ ਨਗਰੀ ਦਾ ਬਖ਼ਸ਼ਿਆ ਫ਼ਕੀਰਾਨਾ ਮਾਹੌਲ, ਇਹ ਸਾਰਾ ਕੁਝ ਕਾਫ਼ੀ ਸੀ ਉਸ ਦੇ ਸ਼ਾਇਰ ਬਣਨ ਵਾਸਤੇ।ਮੇਰੇ ਇਸ ਕਥਨ ਦੀ ਗਵਾਹ ਉਲ ਦੀ ਇਹ ਗ਼ਜ਼ਲ ਹੈ :

ਖ਼ੁਦ ਖਾਮੋਸ਼ ਖੜ੍ਹੇ ਸੁਣ ਰਹੇ ਹਾਂ,
ਪਰ ਬੰਦੂਕਾਂ ਬੋਲ ਰਹੀਆਂ ਨੇ।
ਜਿਉਂਦੇ ਚੁਪ ਨੇ ਇਸ ਧਰਤੀ 'ਤੇ,
ਲੇਕਿਨ ਲਾਸ਼ਾਂ ਬੋਲ ਰਹੀਆਂ ਨੇ।
ਮੈਂ ਇਸ ਧਰਤੀ ਦਾ ਪੁੱਤ
ਦੇਖੋ ਕਿੰਨਾਂ ਬੇਬਸ ਹੋ ਚੁੱਕਾ ਹਾਂ,
ਸਾਰੇ ਸੁਪਨੇ ਮੁੱਕ ਗਏ,
ਬਸ ਬੰਜਰ ਅੱਖਾਂ ਬੋਲ ਰਹੀਆਂ ਨੇ।
ਲੱਖ ਵਾਰੀ ਡੁੱਬ ਜਾਵੇ ਭਾਵੇਂ
ਭਲਕੇ ਫੇਰ ਚੜ੍ਹੇਗਾ ਵੇਖੀਂ,
ਸੂਰਜ ਨੂੰ ਝੋਲੀ ਵਿਚ ਭਰਕੇ ਰੱਤੀਆਂ
ਸ਼ਾਮਾਂ ਬੋਲ ਰਹੀਆਂ ਨੇ।

ਸ਼ੁਰੂ 'ਚ ਹਰਮੀਤ ਨੇ ਕਿਸੇ ਅਖ਼ਬਾਰ ਨੂੰ ਚਿੱਠੀ ਲਿਖੀ। ਥੱਲੇ ਲਿਖ ਦਿੱਤਾ, ਹਰਮੀਤ ਸਿੰਘ, ਵਿਦਿਆਰਥੀ ਬਰਜਿੰਦਰਾ ਕਾਲਜ ਫ਼ਰੀਦਕੋਟ। ਪਰ ਅਖ਼ਬਾਰ ਵਾਲਿਆਂ ਉਸ ਦਾ ਨਾਂ ਛਾਪਿਆ, ਹਰਮੀਤ ਵਿਦਿਆਰਥੀ, ਬਰਜਿੰਦਰਾ ਕਾਲਜ ਫ਼ਰੀਦਕੋਟ। ਉਸ ਨੂੰ ਇਹ ਨਾਂ ਇੰਨਾਂ ਜਚਿਆ ਕਿ ਉਹ ਸਦਾ ਲਈ ਹਰਮੀਤ ਵਿਦਿਆਰਥੀ ਬਣ ਗਿਆ। ਉਸ ਦੁਆਰਾ ਰੋਜ਼ੀ ਰੋਟੀ ਲਈ ਅਪਣਾਏ ਕਿੱਤਿਆਂ ਦਾ ਗਰਾਫ਼ ਵੀ ਬੜਾ ਦਿਲਚਸਪ ਹੈ। ਨਹਿਰ ਮਹਿਕਮੇ ਦਾ ਵਰਕ ਮੁਣਸ਼ੀ, ਮੁਹਾਲੀ ਦੀ ਟੈਲੀਵਿਜ਼ਨ ਫੈਕਟਰੀ ਦਾ ਮੁਲਾਜ਼ਮ, ਹੋਮ ਗਾਰਡ ਦਾ ਸਿਪਾਹੀ, ਡੀਸੀ ਮਾਡਲ ਸਕੂਲ ਦਾ ਪੰਜਾਬੀ ਅਧਿਆਪਕ, ਹੋਮ ਸਾਇੰਸ ਕਾਲਜ ਕਾਉਣੀ 'ਚ ਕਲਰਕ ਤੇ ਮਾਲ ਪਟਵਾਰੀ। ਹੁਣ ਉਹ

ਮਾਲ ਪਟਵਾਰੀ ਵਜੋਂ ਤਾਇਨਾਤ ਹੈ ਅਤੇ ਫ਼ਿਰੋਜ਼ਪੁਰ ਦਾ ਪੱਕਾ ਵਸਨੀਕ।

ਹਰਮੀਤ ਵਿਦਿਆਰਥੀ ਮੂਲ ਰੂਪ ਵਿਚ ਇਕ ਕਾਰਕੁਨ ਹੈ, ਜੋ ਹਰ ਸਮੇ ਕਿਸੇ ਨਾ ਕਿਸੇ ਮੁਹਾਜ਼ ਤੇ ਸਰਗਰਮ ਰਿਹਾ। ਕੇਂਦਰੀ ਪੰਜਾਬੀ ਲੇਖਕ ਸਭਾ, ਦੇਸ਼ ਭਗਤ ਯਾਦਗਾਰ ਹਾਲ, ਬਾਲ ਪ੍ਰੀਤ ਮਿਲਣੀ ਕਾਫ਼ਲਾ, ਪਲਸ ਮੰਚ, ਕਲ੍ਹਾ ਪੀਠ, ਸੋਹਨ ਲਾਲ ਭਾਸਕਰ ਫਾਊਂਡੇਸ਼ਨ, ਰੈਵੇਨਿਊ ਪਟਵਾਰ ਯੂਨੀਅਨ, ਉਹ ਸਾਰਿਆਂ ਸੰਸਥਾਵਾਂ ਵਿਚ ਸਰਗਰਮ ਰਿਹਾ ਹੈ। ਉਹ 'ਸਰਦਲ' ਦੇ ਸੰਪਾਦਕੀ ਬੋਰਡ 'ਚ ਸੀ। 'ਚਿੰਤਨ' ਦਾ ਸੰਪਾਦਕ ਸੀ। ਇਕ ਪ੍ਰਕਾਸ਼ਕ ਵਜੋਂ 'ਚਿੰਤਨ ਪ੍ਰਕਾਸ਼ਨ ਫ਼ਿਰੋਜ਼ਪੁਰ' ਦੇ ਨਾਂ ਹੇਠ ਬਹੁਤ ਸਾਰੀਆਂ ਮਿਆਰੀ ਕਿਤਾਬਾਂ ਵੀ ਛਾਪੀਆਂ। ਲਹਿੰਦੇ ਪੰਜਾਬ ਦੀਆਂ ਕੁਝ ਕਾਵਿ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। ਉਸ ਨੇ ਭਾਵੇਂ ਵਧੇਰੇ ਛੰਦ ਰਹਿਤ ਨਜ਼ਮ ਹੀ ਲਿਖੀ ਹੈ, ਜਿਸ ਨੂੰ 'ਖੁੱਲ੍ਹੀ ਕਵਿਤਾ' ਵੀ ਆਖਿਆ ਜਾਂਦਾ ਹੈ। ਪਰ ਉਸ ਨੇ ਛੰਦਮਈ ਪ੍ਰਗੀਤਕ ਰਚਨਾਵਾਂ ਗੀਤ, ਗ਼ਜ਼ਲ ਆਦਿ ਦੀ ਵੀ ਓਨੀ ਹੀ ਸਫ਼ਲਤਾ ਨਾਲ ਸਿਰਜਣਾ ਕੀਤੀ ਹੈ। ਉਸ ਦੀਆਂ ਤਿੰਨ ਕਾਵਿ ਪੁਸਤਕਾਂ ਆਪਣੇ ਖ਼ਿਲਾਫ਼, ਸਮੁੰਦਰ ਬੁਲਾਉਂਦਾ ਹੈ ਅਤੇ ਉੱਧੜੀ ਹੋਈ ਮੈਂ ਹਨ। ਪੇਸ਼ ਹੈ ਇਸ ਸਮਰਥਾਵਾਨ ਸ਼ਾਇਰ ਦੀਆਂ ਕੁਝ ਕਾਵਿ ਵੰਨਗੀਆਂ :

ਮੈਂ ਲੜਨਾ ਚਾਹਿਆ
ਮੇਰੇ ਹੱਥ ਵੱਢ ਦਿੱਤੇ।
ਮੈਂ ਬੋਲਣਾ ਚਾਹਿਆ
ਮੇਰੀ ਜ਼ੁਬਾਨ ਸੀ ਦਿੱਤੀ।
ਮੇਰੀਆਂ ਅੱਖਾਂ ਦੀ ਲਿਸ਼ਕ
ਚਾਨਣ ਵੰਡਦੀ ਸੀ
ਕੱਢ ਦਿੱਤੀਆਂ...

ਸਿਖ਼ਰ ਦੁਪਹਿਰੇ
ਡਾਕੇ ਵੱਜੇ
ਧੌਰੂ ਪਾਇਆ ਉਨ੍ਹਾਂ
ਗਲ਼ੀਆਂ ਦੇ ਵਿਚ ਦਿਓ ਫਿਰਦੇ ਨੇ
ਆਪਾਂ ਵੜ ਗਏ ਅੰਦਰੇ...
ਚੁੱਪ ਚੁਪੀਤੇ
ਦੁੱਖੜੇ ਰੋਏ
ਮੂੰਹੋਂ ਉਫ਼ ਨਾ ਨਿਕਲੀ
ਖ਼ੁਦ ਦੀ ਜਾਨ ਬਚਾਵਣ ਖ਼ਾਤਰ
ਮੂੰਹ ਨੂੰ ਲਾ ਲਏ ਜਿੰਦਰੇ...

ਮੈਂ ਆਪਣੇ ਖੋਫ਼ ਨੂੰ
ਆਪਣੇ ਅੰਦਰ ਕਿਤੇ
ਡੂੰਘਾ ਛਿਪਾਉਣ ਵਾਸਤੇ
ਉੱਚੀ ਉੱਚੀ ਬੋਲਦਾ ਹਾਂ
ਅੰਦਰੇ ਅੰਦਰ ਡਰਦਾ
ਵਿਸ ਘੋਲਦਾ ਹਾਂ... •

ਦੋਹੇ

ਜਗਮਗ ਕਰਦੀ ਜ਼ਿੰਦਰੀ, ਹੋਈ ਹੈ ਬੇਨੂਰ,
ਹੋਠਾਂ ਕੋਲੋਂ ਹੋ ਗਏ, ਹਾਸੇ ਕੋਹਾਂ ਦੂਰ।

ਪੈਸਾ ਬਣਿਆਂ ਚੌਧਰੀ, ਹੋਈ ਸੋਚ ਗੁਲਾਮ,
ਅਕਲਾਂ ਵਾਲੇ ਸੋਚਦੇ, ਬਦਲੂ ਕਿਵੇਂ ਨਿਜ਼ਾਮ।

ਰਿਮਝਿਮ ਵਰ੍ਹਿਆ ਮੇਘਲਾ, ਹੋਈ ਹੈ ਬਰਸਾਤ,
ਕੋਠਾ ਰਿਹਾ ਗ਼ਰੀਬ ਦਾ, ਚੋਂਦਾ ਸਾਰੀ ਰਾਤ।

ਕੀਤਾ ਬੜਾ ਵਿਕਾਸ ਹੈ, ਖ਼ੁਸ਼ ਹੈ ਬੜਾ ਮਨੁੱਖ,
ਪੱਕੀ ਸੜਕ ਬਣਾ ਲਈ, ਵੱਢਕੇ ਸਾਵੇ ਰੁੱਖ।

ਜ਼ਾਲਿਮ ਜੰਗਲ ਬੜਾ ਹੈ, ਪੰਛੀ ਬੜਾ ਨਾਦਾਨ,
ਰਹਿੰਦੀ ਹਰਦਮ ਓਸ ਦੀ, ਮੁੱਠੀ ਦੇ ਵਿਚ ਜਾਨ।

ਦੂਜੇ ਦੇ ਜਜ਼ਬਾਤ ਦੀ, ਕਰਦਾ ਨਾ ਪਰਵਾਹ,
ਹੁੰਦਾ ਬੜਾ ਕਠੋਰ ਹੈ, ਬੰਦਾ ਤਾਨਾਸ਼ਾਹ।

ਤੁਰਦਾ ਗੁਨਾਹਗਾਰ ਜਦ, ਪੱਲੇ ਬੰਨ੍ਹ ਗੁਨਾਹ,
ਵਿਛਦੇ ਪੈਰਾਂ ਹੇਠ ਨੇ, ਵਿੰਗੇ-ਟੇਢੇ ਰਾਹ।

ਪਾ ਕੇ ਪਰਦਾ ਰੱਖਿਆ, ਕੀਤੇ ਯਤਨ ਹਜ਼ਾਰ,
ਆਖਿਰ ਨੰਗਾ ਹੋ ਗਿਆ, ਬੰਦੇ ਦਾ ਕਿਰਦਾਰ।

• **ਡਾ. ਹਰਨੇਕ ਸਿੰਘ ਕੋਮਲ,** *ਮੋਬਾਈਲ : 98177-61414*

ਗ਼ਜ਼ਲਾਂ

ਉਠਣਗੇ ਜ਼ਲਜਲੇ ਲੱਖਾਂ, ਅਗਰ ਇਹ ਰਾਜ਼ ਖੋਲ੍ਹਾਂ ਤਾਂ।
ਮੈਂ ਤੈਨੂੰ ਪਿਆਰ ਕਰਦਾ ਹਾਂ, ਆਗਰ ਇਹ ਬੋਲ ਬੋਲਾਂ ਤਾਂ।

ਅਗਰ ਕੋਈ ਕਰੇ ਹਿੰਮਤ ਕਿ ਤਰਨਾ ਅੱਗ ਦਾ ਦਰਿਆ,
ਬੜੇ ਚਿਰ ਤੋਂ ਕੋਈ ਐਸਾ ਕਿ ਮੈਂ ਵੀ ਸਾਥ ਟੋਲ੍ਹਾਂ ਤਾਂ।

ਨਹੀਂ ਪਛਾਣ ਤੈਨੂੰ ਜਾਪਦੈ ਉਡਣੇ ਪੰਖੇਰੂ ਦੀ,
ਕਿ ਹੈ ਅਸਮਾਨ ਵੀ ਨੀਵਾਂ ਮੈਂ ਅਪਣੇ ਖੰਭ ਤੋਲਾਂ ਤਾਂ।

ਇਹ ਧਰਤੀ ਕੰਬ ਜੂ 'ਕੇਰਾਂ, ਸਮੁੰਦਰ ਸੁੱਖ ਜੂ ਸੜ ਕੇ,
ਇਹ ਅੰਬਰ ਪਾਟ ਜੂ ਸਾਰਾ, ਅਗਰ ਮੈਂ ਦੁੱਖ ਫੋਲਾਂ ਤਾਂ।

ਨਹੀਂ ਤਾਰੀਫ਼ ਤੇਰੇ ਹੁਸਨ ਦੀ ਮੈਂ ਲਿਖ ਨਹੀਂ ਸਕਦਾ,
ਕਰਾਂ ਇਸ ਧਰਤ ਦੀ ਸਿਆਹੀ, ਸਮੁੰਦਰ ਵਿਚ ਘੋਲਾਂ ਤਾਂ।

ਕਹਿਰ ਵਰਤਾ ਕੇ ਤੂੰ ਵੀ ਵੇਖ ਲੈ ਸਰਕਾਰ ਐ ਮੇਰੀ,
ਕਹੀਂ ਨਾ 'ਮੂਰਤੀ' ਫੜ ਕੇ ਪਿਆਲਾ ਜ਼ਹਿਰ ਡੋਲ੍ਹਾਂ ਤਾਂ।

• **ਡਾ. ਰਾਮ ਮੂਰਤੀ,** *ਮੋਬਾਈਲ : 9417449665*

ooo

ਕਿਸੇ ਦੀ ਯਾਦ ਨੂੰ ਉਸ ਨੇ ਕਲੇਜੇ ਲਾ ਲਿਆ ਲਗਦੈ।
ਗ਼ਮਾਂ ਦੇ ਸਾਜ਼ 'ਤੇ ਫਿਰ ਗੀਤ ਕੋਈ ਗਾ ਲਿਆ ਲਗਦੈ।

ਬੜਾ ਬੇਚੈਨ ਰਹਿੰਦਾ ਹੈ, ਬੜਾ ਗੁੰਮ-ਸੁੰਮ ਹੈ ਅੱਜ-ਕੱਲ੍ਹ ਉਹ,
ਉਦੇ ਤੇ ਜਾਲ਼-ਜੁਲਫਾਂ ਦਾ, ਕਿਸੇ ਨੇ ਪਾ ਲਿਆ ਲਗਦੈ।

ਉਡਾਰੀ ਲਾਉਂਦਾ ਲਾਉਂਦਾ ਆਣ ਬੈਠਾ ਹੈ ਉਹ ਫਿਰ ਫੁੱਲ 'ਤੇ,
ਕਿਸੇ ਤਿੱਤਲੀ ਨੇ ਫਿਰ ਸ਼ਾਇਦ, ਉਨ੍ਹੂੰ ਭਰਮਾ ਲਿਆ ਲਗਦੈ।

ਨਾ ਦਿਨ ਨੂੰ ਚੈਨ ਹੈ ਉਸ ਨੂੰ, ਨਾ ਰਾਤੀਂ ਨੀਂਦ ਹੀ ਆਵੇ,
ਮਿਲਾ ਕੇ ਨੈਣ ਫਿਰ ਉਸ ਨੇ, ਖਸਾਰਾ ਪਾ ਲਿਆ ਲਗਦੈ।

ਕਦੇ ਉਹ ਗੀਤ ਗਾਉਂਦਾ ਹੈ, ਕਦੇ ਰੋਂਦਾ ਹੈ ਫੁੱਟ ਫੁੱਟ ਕੇ,
ਕਿਸੇ ਬੇਦਰਦ ਸੰਗ ਸ਼ਾਇਦ, ਉਨ੍ਹੇ ਦਿਲ ਲਾ ਲਿਆ ਲਗਦੈ।

ਬੜਾ ਬੇਦਰਦ ਹੈ 'ਜੱਸੀ', ਕਦੇ ਵੀ ਹਾਲ ਨਾ ਪੁੱਛੇ,
ਅਸਾਂ ਨੂੰ ਦੇ ਕੇ

ਨੇਪਾਲ ਅਤੇ ਭਾਰਤ, ਜਮਾਤ-ਏ-ਇਸਲਾਮੀ ਦੇ ਏਜੰਡੇ ਨੂੰ ਸਮੇਂ ਸਿਰ ਪਛਾਣਨ

ਮਾਸਟਰ ਮੋਹਨ ਲਾਲ

ਇਸਲਾਮਿਕ ਜੇਹਾਦ' ਆਪਣੇ ਏਜੰਡੇ ਅਨੁਸਾਰ ਅੱਗੇ ਵਧ ਰਿਹਾ ਹੈ। ਅਗਲੇ ਦਸ-ਪੰਜਾਹ ਸਾਲਾਂ 'ਚ ਜਮਾਤ-ਏ-ਇਸਲਾਮੀ ਉਨ੍ਹਾਂ ਦੋ ਦੇਸ਼ਾਂ ਨੂੰ ਆਪਣੀ ਗ੍ਰਿਫਤ 'ਚ ਲੈਂਦਾ ਦਿਖਾਈ ਦੇ ਰਿਹਾ ਹੈ। ਪਾਕਿਸਤਾਨ ਅਤੇ ਬੰਗਲਾਦੇਸ਼ ਪ੍ਰਤੱਖ ਤੌਰ 'ਤੇ ਇਨ੍ਹਾਂ ਅੱਤਵਾਦੀ ਕੱਟੜਪੰਥੀਆਂ ਦਾ ਪਾਲਣ-ਪੋਸ਼ਣ ਕਰ ਰਹੇ ਹਨ। ਸਾਊਦੀ-ਅਰਬ ਅਤੇ ਕਈ ਹੋਰ ਇਸਲਾਮਿਕ ਦੇਸ਼ ਇਸਲਾਮਿਕ ਕੱਟੜਪੰਥੀਆਂ ਨੂੰ ਪੈਸਿਆਂ, ਗੋਲਾ-ਬਾਰੂਦ ਨਾਲ ਮਾਲਾਮਾਲ ਕਰ ਰਹੇ ਹਨ। ਅਮਰੀਕਾ ਵਿਸ਼ਵ ਦੀ ਰਾਜਨੀਤੀ ਨੂੰ ਡਾਵਾਂਡੋਲ ਕਰ ਰਿਹਾ ਹੈ। ਭਾਰਤ ਦੇ ਗੁਆਂਢੀ ਦੇਸ਼ ਨੇਪਾਲ ਅਤੇ ਭਾਰਤ ਨੂੰ 'ਹਿੰਦੂ ਮੁਕਤ' ਕਰਨਾ ਚਾਹੁੰਦੇ ਹਨ।

ਹਿੰਦੂ ਧਰਮ ਛੱਡ ਕੇ ਜੋ ਲੋਕ ਇਸਲਾਮ 'ਚ ਕਨਵਰਟ ਹੋਏ ਹਨ, ਉਹ ਅਸਲ ਮੁਸਲਮਾਨਾਂ ਤੋਂ ਵੱਧ ਕੱਟੜ ਹਨ। ਜਮਾਤ-ਏ-ਇਸਲਾਮੀ 'ਇਸਲਾਮਿਕ ਜੇਹਾਦ' ਦਾ ਸਭ ਤੋਂ ਵੱਡਾ ਪੈਰੋਕਾਰ ਹੈ। ਭਾਰਤ ਅਤੇ ਨੇਪਾਲ ਸਾਵਧਾਨ ਹੋ ਜਾਣ, ਇਸਲਾਮ 'ਪਾਗਲਪਨ' ਦੇ ਸਿਧਾਂਤ ਨੂੰ ਸਫਲ ਸਿੱਧ ਕਰਨਾ ਚਾਹੁੰਦਾ ਹੈ। ਇਸ ਦਾ ਅਰਥ ਹੈ ਇਸਲਾਮ ਦੀ ਕੋਈ ਹੱਦ ਨਹੀਂ।

ਇਸ ਇਸਲਾਮਿਕ ਸੰਗਠਨਾਂ ਦੀ ਕੋਈ ਸੰਸਕ੍ਰਿਤੀ ਨਹੀਂ। ਇਨ੍ਹਾਂ ਦਾ ਮਤਲਬ 'ਭੂਗੋਲਿਕ ਵੰਡ' ਕਰਨਾ ਹੈ ਤਾਂ ਕਿ ਇਸਲਾਮ ਸਾਰੀ ਦੁਨੀਆ 'ਤੇ ਰਾਜ ਕਰੇ। ਇਨ੍ਹਾਂ 'ਇਸਲਾਮਿਕ ਸੰਗਠਨਾਂ' ਦੀ ਅਗਵਾਈ ਅਸਦੁਦੀਨ ਓਵੈਸੀ ਵਰਗੇ ਪੜ੍ਹੇ-ਲਿਖੇ ਨੇਤਾ ਕਰਦੇ ਹਨ। ਇਨ੍ਹਾਂ ਕੱਟੜਵਾਦੀ ਇਸਲਾਮੀ ਸੰਗਠਨਾਂ ਦੀ ਪੜ੍ਹਾਈ ਤਾਂ ਮਦਰੱਸਿਆਂ ਜਾਂ ਸਕੂਲਾਂ 'ਚ ਹੋਈ ਹੈ। ਇਸਲਾਮੀ ਜਮਾਤ-ਏ ਤਾਂ ਸਿਰਫ ਇਹ ਜਾਣਦੀ ਹੈ, ਜੋ ਇਸਲਾਮ ਨੂੰ ਨਹੀਂ ਮੰਨਦਾ ਉਸ ਦਾ ਸਿਰ ਧੜ ਤੋਂ ਅਲੱਗ ਕਰ ਦਿਓ ਕਿਉਂਕਿ ਉਹ ਕਾਫਿਰ ਹੈ ਅਤੇ ਕਾਫਿਰਾਂ ਨੂੰ ਮਾਰਨ ਨਾਲ ਉਨ੍ਹਾਂ ਨੂੰ ਜੰਨਤ 'ਚ 75 ਹੂਰਾਂ ਮਿਲਣਗੀਆਂ।

ਬੰਗਲਾਦੇਸ਼ 'ਚ 421 ਅਜਿਹੇ ਮਦਰੱਸੇ ਹਨ ਜੋ ਕੱਟੜਪੰਥੀਆਂ ਦੀ ਭਰਤੀ ਅਤੇ ਸਿਖਲਾਈ ਦੇਣ ਦਾ ਕੰਮ ਕਰਦੇ ਹਨ। ਖਾੜੀ ਦੇਸ਼ਾਂ 'ਚ ਇਸਲਾਮਿਕ ਕੱਟੜਪੰਥੀਆਂ ਨੂੰ ਪੈਸਾ ਦੇਣਾ ਅਤੇ ਗੋਲਾ-ਬਾਰੂਦ ਮੁਹੱਈਆ ਕਰਵਾਉਣ ਦੀ ਹੋੜ ਲੱਗੀ ਹੈ। ਪਾਕਿਸਤਾਨ, ਬੰਗਲਾਦੇਸ਼, ਅਫਗਾਨਿਸਤਾਨ ਅਤੇ ਸਾਊਦੀ ਅਰਬ ਦਾ ਮਕਸਦ ਹੀ ਨੇਪਾਲ ਅਤੇ ਭਾਰਤ ਨੂੰ ਬਰਬਾਦ ਕਰਨਾ ਹੈ। ਸ਼ਾਇਦ ਹੁਣ ਅਫਗਾਨੀ ਵਿਦੇਸ਼ ਮੰਤਰੀ ਦੀ ਹਫਤੇ ਭਰ ਦੀ ਭਾਰਤ ਯਾਤਰਾ ਨਾਲ ਅਫਗਾਨਿਸਤਾਨ ਕੱਟੜਪੰਥੀਆਂ ਨੂੰ ਸਹਾਇਤਾ ਦੇਣਾ ਬੰਦ ਕਰ ਦੇਵੇ।

ਅਫਗਾਨਿਸਤਾਨ ਨੂੰ ਭਾਰਤ ਦਾ ਮਿੱਤਰ ਬਣਾਉਣਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੂਟਨੀਤੀ ਦਾ ਪ੍ਰਮਾਣ ਹੈ। ਬੰਗਲਾਦੇਸ਼ 'ਚ 64,000

ਮਦਰੱਸੇ ਇਸਲਾਮ ਦੇ ਪ੍ਰਚਾਰ-ਪ੍ਰਸਾਰ 'ਚ ਕੰਮ ਕਰ ਰਹੇ ਹਨ। ਅਜਿਹੇ ਹੀ ਮਦਰੱਸੇ ਪਾਕਿਸਤਾਨ 'ਚ ਹਨ। ਭਾਰਤ ਅਤੇ ਨੇਪਾਲ ਬਚਣਗੇ ਤਾਂ ਕਿਵੇਂ? ਬੰਗਲਾਦੇਸ਼ ਦੀਆਂ ਰਾਜਨੀਤਿਕ ਪਾਰਟੀਆਂ ਨੇ 1991 ਅਤੇ 1996 ਦੀਆਂ ਸੰਸਦੀ ਚੋਣਾਂ 'ਚ ਇਨ੍ਹਾਂ ਕੱਟੜਵਾਦੀ ਸੰਗਠਨਾਂ ਨਾਲ ਗੱਠਜੋੜ ਕਰ ਕੇ ਸਰਕਾਰਾਂ ਬਣਾਈਆਂ ਸਨ।

ਪਾਕਿਸਤਾਨ ਦੀ ਆਈ. ਐੱਸ. ਆਈ. ਖੁਫੀਆ ਏਜੰਸੀ ਅੱਤਵਾਦੀਆਂ ਨੂੰ ਟ੍ਰੇਨਿੰਗ ਦੇ ਕੇ 1980 ਤੋਂ ਕਸ਼ਮੀਰ ਵਾਦੀ 'ਚ ਘੁਸਪੈਠ ਕਰਵਾ ਰਹੀ ਹੈ। ਪਾਕਿ ਪ੍ਰਧਾਨ ਮੰਤਰੀ ਸ਼ਹਿਬਾਜ਼ ਨੂੰ ਇਨ੍ਹਾਂ ਸਭ ਦਾ ਪਤਾ ਹੈ। ਅੱਤਵਾਦੀ ਜਮਾਤਾਂ ਦੇ ਨਾਂਹ ਗਣਾਵਾਂ ਤਾਂ ਤੁਸੀਂ ਹੈਰਾਨ ਹੋ ਜਾਵੋਗੇ।

(1) ਜਮਾਤੇ-ਇਸਲਾਮੀ, (2) ਇੰਟਰਨੈਸ਼ਨਲ ਇਸਲਾਮਿਕ ਫੈਡਰੇਸ਼ਨ ਆਫ ਸਟੂਡੈਂਟ ਆਰਗੇਨਾਈਜ਼ੇਸ਼ਨ, (3) ਹਰਕਤ-ਉਲ ਜੇਹਾਦ ਇਸਲਾਮੀ, ਹੂਜਾ ਬੀੜੀ, (4) ਹਤਦੇਦੀਨ, (5) ਅਲ-ਫਾਰੂਕ-ਫਾਰੂਖ ਇਸਲਾਮਿਕ-ਫਾਊਂਡੇਸ਼ਨ, (6) ਅਟਲ ਫੁਜਿਆਰੀ ਵੈੱਲਫੇਅਰ ਐਸੋਸੀਏਸ਼ਨ, (7) ਬੇਨੂ ਵਾਲੇਂਸ ਇੰਟਰਨੈਸ਼ਨਲ ਫਾਊਂਡੇਸ਼ਨ, (8) ਗਲੋਬਲ ਰਿਲੀਫ ਫਾਊਂਡੇਸ਼ਨ, (9) ਇਸਲਾਮਿਕ-ਹੈਰੀਟੇਜ ਸੋਸਾਇਟੀ ਵਰਗੇ ਕੱਟੜਪੰਥੀ 'ਜਮਾਇਤ-ਉਲ-ਮੁਜਾਹਿਦੀਨ' ਜੇਹਾਦ 'ਚ ਕੰਮ ਕਰ ਰਹੇ ਹਨ।

2003 'ਚ ਇਸ ਸੰਗਠਨ 'ਚ ਅੱਠ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਸਭ ਦਾ ਮਕਸਦ ਧਰਮਨਿਰਪੱਖ ਤਾਕਤਾਂ ਦਾ ਸਿਰ ਕਲਮ ਕਰਨਾ ਹੈ।

ਕੁਝ ਕੁ ਗ੍ਰਿਫਤਾਰ ਕੀਤੇ ਗਏ ਅੱਤਵਾਦੀਆਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੂੰ

(1) ਹਥਿਆਰਾਂ ਦੀ ਸਿਖਲਾਈ ਪਾਕਿਸਤਾਨ ਅਤੇ ਕੰਧਾਰ ਤੋਂ ਮਿਲਦੀ ਹੈ।

(2) ਸਾਰੀਆਂ ਗਤੀਵਿਧੀਆਂ ਦਾ ਕੇਂਦਰ ਢਾਕਾ ਸਥਿਤ ਪਾਕਿਸਤਾਨੀ ਦੂਤਾਵਾਸ ਹੈ।

(3) ਮਦਰੱਸੇ 'ਚ ਉਨ੍ਹਾਂ ਨੂੰ ਪਨਾਹ ਮਿਲਦੀ ਹੈ।

(4) ਭਾਰਤ ਦੇ ਮਦਰੱਸੇ ਅਤੇ ਮਸਜਿਦਾਂ ਗੋਲਾ-ਬਾਰੂਦ ਅਤੇ ਹਥਿਆਰਾਂ ਨੂੰ ਸੁਰੱਖਿਅਤ ਰੱਖਣ 'ਚ ਸਹਾਇਤਾ ਕਰਦੀਆਂ ਹਨ।

(5) ਦੇਸ਼ ਦੇ ਅੰਦਰ ਕਮਜ਼ੋਰ ਕੜੀਆਂ ਦੀ ਗੁਪਤਚਰੀ ਕਰਨ ਲਈ ਪੈਸਿਆਂ ਦਾ ਲਾਲਚ ਦਿੱਤਾ ਜਾਂਦਾ ਹੈ।

(6) ਸੁਰੱਖਿਆ ਬਲਾਂ ਦੀਆਂ ਜਾਣਕਾਰੀਆਂ ਹਾਸਲ ਕਰਨਾ-ਪੱਛਮੀ ਬੰਗਾਲ ਦੇ ਸਿਲੀਗੁੜੀ ਖੇਤਰ ਦੀ ਚੋਣ ਉਨ੍ਹਾਂ ਲਈ ਲਾਭਦਾਇਕ ਹੈ।

7) ਬੰਗਲਾਦੇਸ਼ ਤੋਂ ਘੁਸਪੈਠ ਕਰ ਕੇ ਆਏ ਮੁਸਲਮਾਨਾਂ ਦੀ ਸੁਰੱਖਿਆ ਕਰਨਾ।

8) ਆਸਾਮ ਨੂੰ 'ਮੁਸਲਿਮ ਸਵਦੇਸ਼' ਬਣਾਉਣਾ ਜਿਸ 'ਚ ਆਸਾਮ ਦੇ ਨਵਗਾਂਵ, ਧੂਬਰੀ, ਕਾਮਰੂਪ, ਕਰੀਮਗੰਜ ਅਤੇ ਕਛਾਰ ਦੇ 'ਹੇਲਾਂਕੀ' ਹਿੱਸੇ ਨੂੰ ਮਿਲਾ ਕੇ ਇਕ ਨਵਾਂ 'ਬੰਗਲਾਦੇਸ਼' ਬਣਾਉਣਾ।

(9) ਪੱਛਮੀ ਬੰਗਾਲ ਅਤੇ ਆਸਾਮ ਨੂੰ ਇਸਲਾਮਿਕ ਸ਼ਾਸਨ ਅਧੀਨ ਲਿਆਉਣਾ।

10) ਉੱਤਰ-ਪੂਰਬ ਵਿਚ ਇਕ 'ਇਸਲਾਮਿਕ ਯੂਨੀਵਰਸਿਟੀ' ਖੋਲ੍ਹਣਾ।

11) ਕੇਂਦਰ ਅਤੇ ਸੂਬਾ ਸਰਕਾਰ ਦੀਆਂ ਨੌਕਰੀਆਂ 'ਚ ਮੁਸਲਮਾਨਾਂ ਨੂੰ 30 ਫੀਸਦੀ ਰਿਜ਼ਰਵੇਸ਼ਨ ਦੇਣਾ।

(12) ਵਿਧਾਨ ਸਭਾ ਵਿਚ ਮੁਸਲਮਾਨਾਂ ਲਈ ਸੀਟਾਂ ਰਾਖਵੀਆਂ ਕਰਨਾ।

(13) ਵੋਟਰ ਸੂਚੀਆਂ ਤੋਂ ਮੁਸਲਮਾਨ ਘੁਸਪੈਠੀਆਂ ਦੇ ਨਾਂ ਨਾ ਹਟਾਉਣ ਦੇਣਾ।

(14) ਇਕ 'ਇਸਲਾਮੀ ਅਦਾਲਤ' ਦੀ ਸਥਾਪਨਾ ਅਤੇ ਸਾਰੇ ਫੈਸਲੇ ਸ਼ਰੀਆ ਅਨੁਸਾਰ ਕਰਨਾ।

(15) ਮਦਰੱਸਿਆਂ ਅਤੇ ਈਦਗਾਹਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਨਾ।

ਪਾਠਕ ਇਹ ਵੀ ਜਾਣ ਲੈਣ ਕਿ ਵਾਜਪਾਈ ਦੇ ਪ੍ਰਧਾਨ ਮੰਤਰੀ ਕਾਲ 'ਚ 1998-99 'ਚ ਇਕ ਜਹਾਜ਼ ਅਗਵਾ ਹੋਇਆ ਸੀ। ਜਿਨ੍ਹਾਂ ਤਿੰਨ ਅੱਤਵਾਦੀਆਂ ਨੂੰ ਕੰਧਾਰ ਹਵਾਈ ਅੱਡੇ 'ਤੇ ਛੱਡਿਆ ਸੀ ਉਨ੍ਹਾਂ 'ਚ ਇਕ 'ਜੈਸ਼-ਏ-ਮੁਹੰਮਦ' ਦਾ ਸਰਗਣਾ ਮੌਲਾਨਾ ਮਸੂਦ ਅਜ਼ਹਰ ਵੀ ਸੀ। ਇਹੀ ਮਸੂਦ ਅਜ਼ਹਰ 1993 'ਚ ਬੰਗਲਾਦੇਸ਼ ਗਿਆ ਤਾਂ ਕਿ ਉਹ ਜਹਾਜ਼ ਅਗਵਾ ਦੀ ਯੋਜਨਾ ਬਣਾ ਸਕੇ। 29 ਜਨਵਰੀ, 1994 ਨੂੰ ਇਹ ਫਿਰ ਢਾਕਾ ਗਿਆ। ਇਸ ਸਮੇਂ ਉਸ ਨੇ ਆਪਣੇ ਪਾਸਪੋਰਟ 'ਤੇ 'ਵਾਲੀ ਅਦਮ ਈਸਾ' ਇਕ ਪੁਰਤਗਾਲੀ ਨਾਂ ਰੱਖਿਆ ਅਤੇ ਭਾਰਤ 'ਚ ਜਹਾਜ਼ ਅਗਵਾ ਕੀਤਾ। ਇਹ ਸਭ ਇਸਲਾਮੀ ਸਰਗਰਮੀਆਂ ਹਿੰਦੁਸਤਾਨ ਦੇ 'ਇਸਲਾਮੀ ਰਾਸ਼ਟਰ' ਬਣਾਉਣ ਦਾ ਇਕ 'ਹਿਡਨ ਏਜੰਡਾ' ਹੈ।

ਚੇਅਰਮੈਨ ਵੱਲੋਂ ਨਹਿਰੀ ਪਾਈਪਲਾਈਨ ਦੇ ਕੰਮ ਦਾ ਜਾਇਜ਼ਾ

'ਆਪ' ਸਰਕਾਰ ਕਿਸਾਨਾਂ ਦੀ ਭਲਾਈ ਲਈ ਵਚਨਬੱਧ: ਬਰਾੜ

ਪਾਤੜਾਂ, 29 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਮੌਲਵੀਵਾਲਾ 'ਚ ਨਹਿਰੀ ਪਾਈਪਲਈਨ ਅਤੇ ਖਾਲਾਂ ਦੇ ਚੱਲ ਰਹੇ ਕੰਮ ਦਾ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਜਾਇਜ਼ਾ ਲਿਆ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਸਰਕਾਰ ਕਿਸਾਨਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ।

ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਕਿਹਾ ਕਿ 'ਆਪ' ਸਰਕਾਰ ਨੇ ਕਿਸਾਨਾਂ ਦੀ ਭਲਾਈ ਲਈ ਕੰਮ ਕਰਦਿਆਂ, ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਉੱਚਾ ਚੁੱਕਣ ਦੇ ਮਕਸਦ ਨਾਲ ਖੇਤੀ ਲਈ ਨਹਿਰੀ ਮੁਹੱਈਆ ਕਰਵਾਉਣ ਦਾ ਜੋ ਵਾਅਦਾ ਕੀਤਾ ਸੀ ਉਸ ਨੂੰ ਪੂਰਾ ਦੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਮਿਆਰ ਨੂੰ ਉੱਚਾ ਚੁੱਕਣ ਲਈ ਕੋਈ ਕਦਮ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਖਸਤਾ ਹੋ ਚੁੱਕੇ ਨਹਿਰੀ ਖਾਲਿਆਂ ਦੀ ਮੁਰੰਮਤ ਕਰਵਾਉਣ ਅਤੇ ਪਾਈਪ ਲਾਈਨਾਂ ਪਾਉਣ ਦਾ ਕੰਮ ਜੰਗੀ ਪੱਧਰ ਤੇ ਛੇੜਿਆ ਹੈ।

ਉਨ੍ਹਾਂ ਦੱਸਿਆ ਕਿ ਪਿੰਡ ਮੌਲਵੀਵਾਲਾ ਵਿਖੇ ਪੰਜ ਕਿਲੋਮੀਟਰ ਤੋਂ ਵੱਧ ਨਵੇਂ ਖਾਲ ਬਣਾਏ ਹਨ ਅਤੇ ਤਿੰਨ ਕਿਲੋਮੀਟਰ ਪਾਈਪ ਲਾਈਨ ਪਾ ਕੇ ਪਿੰਡ ਦੀ ਪੰਚਾਇਤੀ ਜ਼ਮੀਨ ਸਮੇਤ ਆਸ-ਪਾਸ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਪਹੁੰਚਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦੀ ਅਗਵਾਈ ਵਿੱਚ ਪਹਿਲਾਂ ਸਰਕਾਰ ਵੱਲੋਂ ਵੱਡੀ ਪੱਧਰ ਉੱਤੇ ਨਹਿਰੀ ਰਜਵਾਹੇ ਬਣਾਏ ਗਏ ਹਨ ਅਤੇ ਹੁਣ ਨਹਿਰੀ ਖਾਲ ਬਣਾਏ ਜਾ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਪ ਕਿਸਾਨ ਵਿੰਗ ਦੇ ਸੂਬਾ ਸਕੱਤਰ ਬੂਟਾ ਸਿੰਘ ਸ਼ੁਤਰਾਣਾ, ਸੀਨੀਅਰ ਆਪ ਆਗੂ ਬਲਜੀਤ ਸਿੰਘ ਸਹੋਤਾ, ਸਰਪੰਚ ਚਰਨਜੀਤ ਸਿੰਘ ਸੰਧੂ, ਕਾਬਲ ਸਿੰਘ ਢਿੱਲੋ, ਚਰਨਜੀਤ ਸਿੰਘ ਭੁੱਲਰ, ਸਾਬਕਾ ਸਰਪੰਚ ਧਿਆਨ ਸਿੰਘ ਅਤੇ ਮਨਿੰਦਰ ਸਿੰਘ ਭੁੱਲਰ ਆਦਿ ਹਾਜ਼ਰ ਸਨ।

ਜ਼ਹਿਰੀਲੀ ਹਵਾ ਤੋਂ ਖੁਦ ਨੂੰ ਕਿਵੇਂ ਬਚਾਈਏ ? ਮਾਹਰਾਂ ਨੇ ਦੱਸੇ ਪ੍ਰਦੂਸ਼ਣ ਤੋਂ ਬਚਣ ਦੇ ਜ਼ਰੂਰੀ ਉਪਾਅ

ਨਵੀਂ ਦਿੱਲੀ, 29 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-

ਐੱਨਸੀਆਰ 'ਚ ਵਧਦੇ ਹਵਾ ਪ੍ਰਦੂਸ਼ਣ ਨੇ ਚਿੰਤਾਵਾਂ ਵਧਾ ਦਿੱਤੀਆਂ ਹਨ। ਏਅਰ ਕੁਆਲਿਟੀ ਇੰਡੈਕਸ (AQI) 300 ਤੋਂ ਉੱਪਰ 'ਖਰਾਬ' ਅਤੇ 'ਗੰਭੀਰ' ਸ਼੍ਰੇਣੀ ਵਿੱਚ ਪਹੁੰਚ ਗਿਆ ਹੈ, ਜੋ ਕਿ ਹਰ ਕਿਸੇ ਲਈ ਖ਼ਤਰਨਾਕ ਹੈ। ਮਾਹਿਰਾਂ ਦੇ ਅਨੁਸਾਰ, ਬੱਚੇ, ਬਜ਼ੁਰਗ, ਗਰਭਵਤੀ ਔਰਤਾਂ ਅਤੇ ਦਿਲ ਜਾਂ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਦਿੱਲੀ ਦੇ ਆਕਾਸ਼ ਹੈਲਥਕੇਅਰ ਹਸਪਤਾਲ ਦੇ ਪ੍ਰਬੰਧ ਨਿਰਦੇਸ਼ਕ ਡਾ. ਆਕਾਸ਼ ਚੌਧਰੀ ਪ੍ਰਦੂਸ਼ਣ ਤੋਂ ਬਚਾਅ ਲਈ ਮਹੱਤਵਪੂਰਨ ਸਾਵਧਾਨੀਆਂ ਅਤੇ ਉਪਾਅ ਸਾਂਝੇ ਕਰਦੇ ਹਨ। ਆਓ ਸਿੱਖੀਏ ਕਿ ਇਸ ਜ਼ਹਿਰੀਲੀ ਹਵਾ ਤੋਂ ਆਪਣੇ ਆਪ ਨੂੰ ਕਿਵੇਂ ਬਚਾਉਣਾ ਹੈ।

300 ਤੋਂ ਉੱਪਰ AQI: ਬੱਚੇ ਤੇ ਮਰੀਜ਼ ਲਈ ਸਭ ਤੋਂ ਵਧੇਰੇ ਜੋਖਮ

ਜਦੋਂ AQI 300 ਤੋਂ ਉੱਪਰ ਵੱਧ ਜਾਂਦਾ ਹੈ ਤਾਂ ਹਵਾ ਵਿੱਚ ਹਾਨੀਕਾਰਕ ਕਣ (PMB.E ਅਤੇ PMA@) ਫੇਫੜਿਆਂ ਅਤੇ ਖ਼ੂਨ ਦੇ ਪ੍ਰਵਾਹ ਵਿੱਚ ਦਾਖਲ ਹੋ ਜਾਂਦੇ ਹਨ, ਜਿਸ ਨਾਲ ਸਿਹਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਬੱਚਿਆਂ ਦੇ ਫੇਫੜੇ ਪੂਰੀ ਤਰ੍ਹਾਂ ਵਿਕਸਤ ਨਹੀਂ ਹੁੰਦੇ, ਇਸ ਲਈ ਉਹ ਬਾਲਗਾਂ ਨਾਲੋਂ ਜ਼ਿਆਦਾ ਪ੍ਰਦੂਸ਼ਣ ਸਾਹ ਲੈਂਦੇ ਹਨ, ਜੋ ਫੇਫੜਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਦਮਾ, ਕ੍ਰੋਨਿਕ ਅਬਸਟਰਕਟਿਵ ਪਲਮਨਰੀ ਡਿਜ਼ੀਜ਼ (ਸੀਓਪੀਡੀ) ਤੇ ਦਿਲ ਦੀ ਬਿਮਾਰੀ ਵਾਲੇ ਲੋਕਾਂ ਨੂੰ ਖੰਘ, ਗਲੇ 'ਚ ਖਰਾਸ਼, ਸਾਹ ਚੜ੍ਹਨਾ ਤੇ ਥਕਾਵਟ 'ਚ ਤੇਜ਼ੀ ਨਾਲ ਵਾਧਾ ਹੁੰਦਾ ਹੈ। ਗਰਭਵਤੀ ਔਰਤਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਉਣ ਦਾ ਖ਼ਤਰਾ ਵੀ ਹੁੰਦਾ ਹੈ ਅਤੇ ਉਨ੍ਹਾਂ ਦੇ ਬੱਚਿਆਂ ਦੀ ਸਿਹਤ ਨੂੰ ਵੀ ਖ਼ਤਰਾ ਹੁੰਦਾ ਹੈ।

ਬਾਹਰ ਜਾਣ ਵੇਲੇ ਕੀ ਕਰਨਾ ਚਾਹੀਦਾ ਹੈ ?

ਡਾ. ਆਕਾਸ਼ ਚੌਧਰੀ ਉੱਚ ਪ੍ਰਦੂਸ਼ਣ ਦੇ ਪੱਧਰ ਵਾਲੇ ਦਿਨਾਂ ਵਿੱਚ ਸਵੇਰੇ ਅਤੇ ਸ਼ਾਮ ਨੂੰ ਬਾਹਰੀ ਕਸਰਤ ਤੋਂ ਬਚਣ ਦੀ ਸਲਾਹ ਦਿੰਦੇ ਹਨ, ਕਿਉਂਕਿ ਇਹ ਉਹ ਸਮਾਂ ਹੁੰਦਾ ਹੈ ਜਦੋਂ AQI ਸਭ ਤੋਂ ਵੱਧ ਹੁੰਦਾ ਹੈ। ਬਾਹਰ ਜਾਂਦੇ ਸਮੇਂ ©95 ਜਾਂ ©99 ਮਾਸਕ ਪਹਿਨੋ ਅਤੇ ਟ੍ਰੈਫਿਕ ਜਾਂ ਭੀੜ-ਭੜੱਕੇ ਵਾਲੇ ਖੇਤਰਾਂ ਵਿੱਚ ਆਪਣਾ ਸਮਾਂ ਸੀਮਤ ਕਰੋ। ਘਰ ਵਾਪਸ ਆਉਣ ਤੋਂ ਬਾਅਦ ਆਪਣੇ ਚਿਹਰੇ, ਹੱਥਾਂ ਅਤੇ ਨੱਕ ਨੂੰ ਚੰਗੀ ਤਰ੍ਹਾਂ ਧੋਵੋ। ਆਪਣੇ ਸਰੀਰ ਨੂੰ ਡੀਟੌਕਸੀਫਾਈ ਕਰਨ ਲਈ ਬਹੁਤ

ਸਾਰਾ ਪਾਣੀ ਪੀਓ ਅਤੇ ਵਿਟਾਮਿਨ ਸੀ ਅਤੇ ਐਂਟੀਆਕਸੀਡੈਂਟਸ ਨਾਲ ਭਰਪੂਰ ਭੋਜਨ ਖਾਓ, ਜਿਵੇਂ ਕਿ ਨਿੰਬੂ, ਸੰਤਰਾ, ਅਮਰੂਦ, ਟਮਾਟਰ ਅਤੇ ਹਰੀਆਂ ਸਬਜ਼ੀਆਂ। ਇਹ ਪ੍ਰਦੂਸ਼ਣ ਦੇ ਪ੍ਰਭਾਵਾਂ ਦਾ ਮੁਕਾਬਲਾ ਕਰਨ ਵਿੱਚ ਮਦਦ ਕਰਦੇ ਹਨ।

ਘਰ 'ਚ ਸੁਰੱਖਿਅਤ ਕਿਵੇਂ ਰਹਿਣਾ ਹੈ ?

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਘਰ ਦੇ ਅੰਦਰ ਪ੍ਰਦੂਸ਼ਣ ਉਨ੍ਹਾਂ ਨੂੰ ਪ੍ਰਭਾਵਿਤ ਨਹੀਂ ਕਰਦਾ, ਪਰ ਘਰ ਦੇ ਅੰਦਰ ਹਵਾ ਪ੍ਰਦੂਸ਼ਣ ਵੀ ਖ਼ਤਰਨਾਕ ਹੋ ਸਕਦਾ ਹੈ। ਹਵਾ ਨੂੰ ਸ਼ੁੱਧ ਕਰਨ ਲਈ ਸਨੇਕ ਪਲਾਂਟ, ਐਲੋਵੇਰਾ ਅਤੇ ਮਨੀ ਪਲਾਂਟ ਵਰਗੇ ਪੌਦੇ ਲਗਾਓ। ਮੋਮਬੱਤੀਆਂ, ਧੂਪ ਜਾਂ ਅਗਰਬੱਤੀ ਦੀ ਜ਼ਿਆਦਾ ਵਰਤੋਂ ਤੋਂ ਬਚੋ, ਕਿਉਂਕਿ ਇਹ ਨੁਕਸਾਨਦੇਹ ਕਣ ਛੱਡਦੇ ਹਨ। ਬਾਹਰੀ ਹਵਾ ਮੁਕਾਬਲਤਨ ਸਾਫ਼ ਹੋਣ 'ਤੇ ਹੀ ਖਿੜਕੀਆਂ ਖੋਲ੍ਹੋ। ਏਸੀ ਅਤੇ ਪੱਖੇ ਦੇ ਫਿਲਟਰਾਂ ਨੂੰ ਨਿਯਮਿਤ ਤੌਰ 'ਤੇ ਸਾਫ਼ ਕਰੋ ਅਤੇ ਘਰ ਵਿੱਚ ਧੂੜ ਇਕੱਠੀ ਨਾ ਹੋਣ ਦਿਓ।

ਦਿਲ, ਫੇਫੜਿਆਂ ਅਤੇ ਚਮੜੀ ਦੇ ਮਰੀਜ਼ਾਂ ਲਈ ਵਿਸ਼ੇਸ਼ ਸਾਵਧਾਨੀਆਂ

ਦਮਾ ਅਤੇ ਸੀਓਪੀਡੀ

CJI ਵੱਲ ਜੁੱਤਾ ਸੁੱਟਣ ਦੀ ਕੋਸ਼ਿਸ਼: SC ਨੇ ਵਕੀਲ ਖਿਲਾਫ ਮਾਣਹਾਨੀ ਦੀ ਕਾਰਵਾਈ ਕਰਨ ਤੋਂ ਕੀਤਾ ਇਨਕਾਰ

ਨਵੀਂ ਦਿੱਲੀ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਉਹ ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਬੀ.ਆਰ. ਗਵਈ 'ਤੇ ਜੁੱਤੀ ਸੁੱਟਣ ਵਾਲੇ ਵਕੀਲ ਵਿਰੁੱਧ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰਨ ਲਈ ਤਿਆਰ ਨਹੀਂ ਹੈ। ਅਦਾਲਤ ਨੇ ਨੋਟ ਕੀਤਾ ਕਿ ਸੀਜੇਆਈ ਨੇ ਖੁਦ ਉਸ ਵਿਰੁੱਧ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਸਟਿਸ ਸੂਰਿਆ ਕਾਂਤ ਅਤੇ ਜੋਇਮਲਿਆ ਬਾਗਚੀ ਦੇ ਬੈਂਚ ਨੇ ਕਿਹਾ ਕਿ ਅਦਾਲਤ ਵਿੱਚ ਨਾਅਰੇਬਾਜ਼ੀ ਕਰਨਾ ਅਤੇ ਜੁੱਤੀ ਸੁੱਟਣਾ ਸਪੱਸ਼ਟ ਤੌਰ 'ਤੇ ਅਦਾਲਤ ਦੀ ਮਾਣਹਾਨੀ ਹੈ, ਪਰ ਇਹ ਸਬੰਧਤ ਜੱਜ 'ਤੇ ਨਿਰਭਰ ਕਰਦਾ ਹੈ ਕਿ ਅੱਗੇ ਵਧਣਾ ਹੈ ਜਾਂ ਨਹੀਂ। ਬੈਂਚ ਨੇ ਕਿਹਾ, ਮਾਨਹਾਨੀ ਦਾ ਨੋਟਿਸ ਜਾਰੀ ਕਰਨ ਨਾਲ ਸੀਜੇਆਈ 'ਤੇ ਜੁੱਤੀ ਸੁੱਟਣ ਵਾਲੇ ਵਕੀਲ ਨੂੰ ਬੇਲੋੜਾ ਮਹੱਤਵ ਮਿਲੇਗਾ ਅਤੇ ਘਟਨਾ ਨੂੰ ਲੰਮਾ ਕੀਤਾ ਜਾਵੇਗਾ। ਇਸ ਨੇ ਕਿਹਾ ਕਿ ਮਾਮਲੇ ਨੂੰ ਇਸ ਤਰ੍ਹਾਂ ਖਾਰਜ ਕਰ ਦਿੱਤਾ ਜਾਣਾ ਚਾਹੀਦਾ ਹੈ।

ਬੈਂਚ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐਸਸੀਬੀਏ) ਦੁਆਰਾ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ ਜਿਸ ਵਿੱਚ 71 ਸਾਲਾ ਵਕੀਲ ਰਾਕੇਸ਼ ਕਿਸ਼ੋਰ ਵਿਰੁੱਧ ਮਾਣਹਾਨੀ ਦੀ ਕਾਰਵਾਈ ਦੀ ਮੰਗ ਕੀਤੀ ਗਈ ਸੀ, ਜਿਸਨੇ 6 ਅਕਤੂਬਰ ਨੂੰ ਅਦਾਲਤ ਦੀ ਕਾਰਵਾਈ ਦੌਰਾਨ ਚੀਫ਼ ਜਸਟਿਸ 'ਤੇ ਜੁੱਤੀ ਸੁੱਟੀ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਬਣਾਉਣ 'ਤੇ ਵਿਚਾਰ ਕਰੇਗੀ। ਇਸਨੇ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਵੱਖ-ਵੱਖ ਅਦਾਲਤਾਂ ਵਿੱਚ ਜੁੱਤੀ ਸੁੱਟਣ ਦੀਆਂ ਘਟਨਾਵਾਂ ਦੇ ਵੇਰਵੇ ਇਕੱਠੇ ਕਰਨ ਲਈ ਕਿਹਾ। 16 ਅਕਤੂਬਰ ਨੂੰ, ਸੁਪਰੀਮ ਕੋਰਟ ਨੇ ਕਿਹਾ ਸੀ ਕਿ ਦੂਜਿਆਂ ਦੀ ਇੱਜ਼ਤ ਅਤੇ ਪਵਿੱਤਰਤਾ ਦੀ ਕੀਮਤ 'ਤੇ ਪ੍ਰਗਟਾਵੇ ਦੇ ਅਧਿਕਾਰ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ।

ਅਦਾਲਤ ਨੇ ਅਨਿਯੰਤ੍ਰਿਤ ਸੋਸ਼ਲ ਮੀਡੀਆ ਦੇ ਖ਼ਤਰਿਆਂ ਬਾਰੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਚੀਫ ਜਸਟਿਸ 'ਤੇ ਜੁੱਤੀ ਸੁੱਟਣ ਦੀ ਘਟਨਾ ਵਰਗੀਆਂ ਹਾਲੀਆ ਘਟਨਾਵਾਂ ਪੈਸਾ ਕਮਾਉਣ ਦੇ ਉੱਦਮਾਂ ਤੋਂ ਵੱਧ ਕੁਝ ਨਹੀਂ ਹਨ। ਚੀਫ ਜਸਟਿਸ 'ਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਦੀ ਇਹ ਬੇਮਿਸਾਲ ਘਟਨਾ 6 ਅਕਤੂਬਰ ਨੂੰ ਵਾਪਰੀ। ਕਿਸ਼ੋਰ ਨੇ ਆਪਣੇ ਜੁੱਤੇ ਉਤਾਰ ਕੇ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ 'ਤੇ ਸੁੱਟਣ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਬਾਰ ਕੌਂਸਲ ਆਫ਼ ਇੰਡੀਆ ਨੇ ਤੁਰੰਤ ਪ੍ਰਭਾਵ ਨਾਲ ਉਸਦਾ ਲਾਇਸੈਂਸ ਮੁਅੱਤਲ ਕਰ ਦਿੱਤਾ। ਅਦਾਲਤੀ ਕਾਰਵਾਈ ਦੌਰਾਨ ਵਾਪਰੀ ਇਸ ਘਟਨਾ ਤੋਂ ਬੇਪਰਵਾਹ, ਚੀਫ ਜਸਟਿਸ ਨੇ ਅਦਾਲਤ ਦੇ ਕਮਰੇ ਵਿੱਚ ਮੌਜੂਦ ਅਦਾਲਤੀ ਅਧਿਕਾਰੀਆਂ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਇਸ ਨੂੰ ਨਜ਼ਰਅੰਦਾਜ਼ ਕਰਨ ਅਤੇ ਅਪਰਾਧੀ ਵਕੀਲ ਰਾਕੇਸ਼ ਕਿਸ਼ੋਰ ਨੂੰ ਚੇਤਾਵਨੀ ਦੇ ਕੇ ਛੱਡ ਦੇਣ ਦਾ ਨਿਰਦੇਸ਼ ਦਿੱਤਾ। ਇਸ ਘਟਨਾ ਦੀ ਸਮਾਜ ਦੇ ਵੱਖ-ਵੱਖ ਹਿੱਸਿਆਂ ਵੱਲੋਂ ਵਿਆਪਕ ਨਿੰਦਾ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੀਫ ਜਸਟਿਸ ਨਾਲ ਗੱਲ ਕੀਤੀ।

ਸਰਹੱਦ 'ਤੇ ਪਾਕਿਸਤਾਨੀ ਡਰੋਨਾਂ ਨੇ ਸੁੱਟੇ ਡਰੱਗਸ ਦੇ ਪੈਕੇਟ, 25 ਕਰੋੜ ਰੁਪਏ ਦੀ ਹੈਰੋਇਨ ਜ਼ਬਤ

ਚੰਡੀਗੜ੍ਹ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਰੱਖਿਆ ਬਲਾਂ ਨੇ ਸੋਮਵਾਰ ਨੂੰ ਇੱਕ ਪਾਕਿਸਤਾਨੀ ਡਰੋਨ ਦੁਆਰਾ ਸੁੱਟੇ ਗਏ ਨਸ਼ੀਲੇ ਪਦਾਰਥਾਂ ਨਾਲ ਭਰੇ ਦੋ ਬੈਗ ਬਰਾਮਦ ਕਰਕੇ ਅੰਤਰਰਾਸ਼ਟਰੀ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਇੱਕ ਵੱਡੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ। ਬੈਗਾਂ ਵਿੱਚ ਲਗਭਗ ਪੰਜ ਕਿਲੋਗ੍ਰਾਮ ਹੈਰੋਇਨ ਸੀ, ਜਿਸਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 25 ਕਰੋੜ ਰੁਪਏ ਤੋਂ ਵੱਧ ਸੀ। ਉਨ੍ਹਾਂ ਕਿਹਾ ਕਿ ਇਹ ਜ਼ਬਤ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਅਤੇ ਪੁਲਿਸ ਦੁਆਰਾ ਆਰ.ਐਸ. ਪੁਰਾ ਸੈਕਟਰ ਵਿੱਚ ਜਤਿੰਦਰ ਸਰਹੱਦੀ ਚੌਕੀ ਦੇ ਨੇੜੇ ਇੱਕ ਸਾਂਝੇ ਤਲਾਸ਼ੀ ਅਭਿਆਨ ਦੌਰਾਨ ਹੋਈ।

ਅਧਿਕਾਰੀਆਂ ਨੇ ਕਿਹਾ ਕਿ ਸਵੇਰੇ 6 ਵਜੇ ਦੇ ਕਰੀਬ ਇੱਕ ਪਾਕਿਸਤਾਨੀ ਡਰੋਨ ਨੂੰ ਭਾਰਤੀ ਸਰਹੱਦ 'ਤੇ ਘੁੰਮਦਾ ਦੇਖਿਆ ਗਿਆ, ਜਿਸ ਨਾਲ ਤਲਾਸ਼ੀ ਅਭਿਆਨ ਸ਼ੁਰੂ ਹੋ ਗਿਆ। ਬੀ.ਐਸ.ਐਫ. ਦੇ ਇੱਕ ਬੁਲਾਰੇ ਨੇ ਕਿਹਾ ਕਿ ਬਲਾਂ ਨੇ ਖਾਸ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ ਪਾਕਿਸਤਾਨ ਸਥਿਤ ਤਸਕਰਾਂ ਦੁਆਰਾ ਭਾਰਤੀ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੀ ਇੱਕ ਹੋਰ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ।

ਬੁਲਾਰੇ ਨੇ ਕਿਹਾ ÷29 ਅਕਤੂਬਰ ਦੀ ਸਵੇਰ ਨੂੰ ਬਿਦੀਪੁਰ ਪਿੰਡ ਨੇੜੇ ਸ਼ੁਰੂ ਕੀਤੇ ਗਏ ਇੱਕ ਸਰਚ ਅਭਿਆਨ ਦੌਰਾਨ, ਸੁਚੇਤ ਬੀ.ਐਸ.ਐਫ. ਦੇ ਜਵਾਨਾਂ ਨੇ ਲਗਭਗ 5,300 ਕਿਲੋਗ੍ਰਾਮ ਵਜ਼ਨ ਵਾਲੇ ਦੋ ਪੀਲੇ ਰੰਗ ਦੇ ਪੈਕੇਟ (ਜਿਨ੍ਹਾਂ ਵਿੱਚ 10 ਛੋਟੇ ਪੈਕੇਟ ਲਪੇਟੇ ਹੋਏ ਸਨ) ਬਰਾਮਦ ਕੀਤੇ,। ਬਿਦੀਪੁਰ ਪਿੰਡ ਦੇ ਨੇੜੇ ਇੱਕ ਖੇਤ ਵਿੱਚੋਂ ਇੱਕ ਸ਼ੱਕੀ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ ਹੈ। ਇਹ ਪਦਾਰਥ ਹੈਰੋਇਨ ਹੋਣ ਦਾ ਸ਼ੱਕ ਹੈ ਅਤੇ ਲੱਗਦਾ ਹੈ ਕਿ ਇਹ ਸਰਹੱਦ ਪਾਰ ਤੋਂ ਇੱਕ ਡਰੋਨ ਦੁਆਰਾ ਸੁੱਟਿਆ ਗਿਆ ਹੈ।

ਖੇਤਰ ਦੀ ਪੂਰੀ ਤਲਾਸ਼ੀ ਲਈ ਜਾ ਰਹੀ ਹੈ, ਉਸਨੇ ਕਿਹਾ, ਅੱਗੇ ਦੀ ਕਾਰਵਾਈ ਲਈ ਪੁਲਸ ਨੂੰ ਬੁਲਾਇਆ ਗਿਆ ਹੈ। ਇੱਕ ਪੁਲਸ ਅਧਿਕਾਰੀ ਨੇ ਕਿਹਾ ਕਿ ਕਾਨੂੰਨ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਹੋਰ ਜਾਂਚ ਜਾਰੀ ਹੈ।

ਪੰਜਾਬ ਯੂਨੀਵਰਸਿਟੀ ਵੱਲੋਂ ਸ਼ਹੀਦੀ ਸ਼ਤਾਬਦੀ ਸਬੰਧੀ ਸੈਮੀਨਾਰ ਰੋਕਣ ਦੀ ਸ਼੍ਰੋਮਣੀ ਕਮੇਟੀ ਵੱਲੋਂ ਨਿਖੇਧੀ

ਅੰਮ੍ਰਿਤਸਰ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਵਿਦਿਆਰਥੀ ਜਥੇਬੰਦੀ 'ਸੱਥ' ਦੇ ਯੂਨੀਵਰਸਿਟੀ ਵਿਚ ਕਰਵਾਏ ਜਾ ਰਹੇ ਸੈਮੀਨਾਰ ਨੂੰ ਰੋਕਣ ਦਾ ਨੋਟਿਸ ਲੈਂਦਿਆਂ ਇਸ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਆਪਣੇ ਪੱਧਰ 'ਤੇ ਜਾਂਚ ਕਰਵਾ ਕੇ ਕਾਰਵਾਈ ਕਰੇਗੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਸੈਮੀਨਾਰ ਨਾ ਕਰਨ ਦੇਣਾ ਸਿੱਖੀ ਵਿਰੋਧੀ ਕਾਰਵਾਈ ਅਤੇ ਵਿਚਾਰਾਂ ਦੀ ਅਜ਼ਾਦੀ ਉੱਤੇ ਸਿੱਧਾ ਹਮਲਾ ਹੈ। ਇਹ ਬਹੁਤ ਹੀ ਦੁਖਦਾਈ ਤੇ ਚਿੰਤਾਜਨਕ ਗੱਲ ਹੈ ਕਿ ਪੰਜਾਬ ਦੀ ਧਰਤੀ ਉੱਤੇ ਬਣੀ ਪੰਜਾਬ ਯੂਨੀਵਰਸਿਟੀ ਵਿੱਚ ਸਿੱਖ ਵਿਦਵਾਨਾਂ ਅਤੇ ਵਿਚਾਰਕਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਜਦੋਂ ਸਿੱਖ ਕੌਮ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਦੀ ਸ਼ਤਾਬਦੀ ਮਨਾ ਰਹੀ ਹੈ ਤਾਂ ਹਰ ਜਥੇਬੰਦੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਵਿਅਕਤ ਕਰਦਿਆਂ ਸਮਾਗਮ ਤੇ ਸੈਮੀਨਾਰ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਯੂਨੀਵਰਸਿਟੀ ਪ੍ਰਬੰਧਕ ਆਪ ਇਸ ਸੈਮੀਨਾਰ ਲਈ ਲੋੜੀਂਦੇ ਪ੍ਰਬੰਧ ਕਰਦੇ ਪਰ ਇਸ ਦੇ ਉਲਟ ਸਿੱਖ ਜਥੇਬੰਦੀਆਂ ਨੂੰ ਵੀ ਗੁਰੂ ਸਾਹਿਬ ਨੂੰ ਸ਼ਰਧਾ ਭੇਟ ਕਰਨ ਤੋਂ ਰੋਕਿਆ ਜਾ ਰਿਹਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਸਿੱਖ ਵਿਦਵਾਨਾਂ ਉੱਤੇ ਇਤਰਾਜ਼ ਕਰਕੇ ਸੈਮੀਨਾਰ ਰੱਦ ਕਰਨਾ ਪੂਰੀ ਤਰ੍ਹਾਂ ਤਰਕਹੀਣ ਤੇ ਪੱਖਪਾਤੀ ਰਵੱਈਆ ਹੈ।

ਗਾਇਕ ਸਤਿੰਦਰ ਸਰਤਾਜ ਵੱਲੋਂ ਮੁੱਖ ਮੰਤਰੀ ਸੈਣੀ ਨਾਲ ਮੁਲਾਕਾਤ

ਚੰਡੀਗੜ੍ਹ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਸਿੱਧ ਗਾਇਕ ਸਤਿੰਦਰ ਸਰਤਾਜ ਨੇ ਅੱਜ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ। ਇਸ ਦੌਰਾਨ ਸਤਿੰਦਰ ਸਰਤਾਜ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਅਧਾਰਿਤ ਆਪਣਾ ਗੀਤ ਹਿੰਦ ਦੀ ਚਾਦਰ ਸੁਣਾਇਆ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਤਿੰਦਰ ਸਰਤਾਜ ਦੇ ਗੀਤ ਹਿੰਦ ਦੀ ਚਾਦਰ ਨੂੰ ਸੁਣਨ ਤੋਂ ਬਾਅਦ ਉਨ੍ਹਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਤਿੰਦਰ ਸਰਤਾਜ ਦਾ ਇਹ ਗੀਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲਿਦਾਨ ਅਤੇ ਉਨਾਂ ਦੀ ਮਨੁੱਖਤਾ ਪ੍ਰਤੀ ਦੇਣ ਨੂੰ ਬਿਆਨ ਕਰਦਾ ਹੈ। ਸਰਤਾਜ ਨੇ ਕਿਹਾ ਕਿ ਹਿੰਦ ਦੀ ਚਾਦਰ ਗੀਤ ਗੁਰੂ ਤੇਗ ਬਹਾਦਰ ਜੀ ਦੀ ਉਸ ਮਹਾਨ ਵਿਰਾਸਤ ਨੂੰ ਨਮਨ ਹੈ, ਜਿਸ ਵਿੱਚ ਉਨ੍ਹਾਂ ਨੇ ਧਰਮ, ਮਨੁੱਖਤਾ ਅਤੇ ਸੱਚਾਈ ਦੀ ਰੱਖਿਆ ਲਈ ਆਪਣਾ ਸਿਰ ਕਟਵਾ ਦਿੱਤਾ, ਪਰ ਸਮਝੌਤਾ ਨਹੀਂ ਕੀਤਾ ਸੀ।

2020 ਦੰਗੇ: ਸੁਪਰੀਮ ਕੋਰਟ ਵੱਲੋਂ ਦਿੱਲੀ ਪੁਲਿਸ ਨੂੰ ਸਮਾਂ ਦੇਣ ਤੋਂ ਇਨਕਾਰ

ਨਵੀਂ ਦਿੱਲੀ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਦਿੱਲੀ ਪੁਲੀਸ ਨੂੰ ਕਾਰਕੁਨਾਂ ਉਮਰ ਖਾਲਿਦ, ਸ਼ਰਜੀਲ ਇਮਾਮ, ਗੁਲਫਿਸ਼ਾ ਫਾਤਿਮਾ ਅਤੇ ਮੀਰਾਨ ਹੈਦਰ ਦੀਆਂ ਜ਼ਮਾਨਤ ਅਰਜ਼ੀਆਂ 'ਤੇ ਜਵਾਬ ਦਾਖ਼ਲ ਕਰਨ ਲਈ ਦੋ ਹਫ਼ਤੇ ਦਾ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਮਾਮਲਾ ਫਰਵਰੀ 2020 ਦੇ ਦਿੱਲੀ ਦੰਗਿਆਂ ਦੇ ਪਿੱਛੇ ਕਥਿਤ ਸਾਜ਼ਿਸ਼ ਨਾਲ ਸਬੰਧਤ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (UAPA) ਦੇ ਤਹਿਤ ਦਰਜ ਹੈ।

ਜਿਵੇਂ ਹੀ ਸੁਣਵਾਈ ਸ਼ੁਰੂ ਹੋਈ ਦਿੱਲੀ ਪੁਲੀਸ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਿਟਰ ਜਨਰਲ ਐੱਸ.ਵੀ. ਰਾਜੂ ਨੇ ਜਵਾਬੀ ਹਲਫ਼ਨਾਮਾ (counter-affidavit) ਦਾਖ਼ਲ ਕਰਨ ਲਈ ਸਮਾਂ ਮੰਗਿਆ। ਜਸਟਿਸ ਅਰਵਿੰਦ ਕੁਮਾਰ ਅਤੇ ਐੱਨ ਵੀ ਅੰਜਾਰੀਆ ਦੇ ਬੈਂਚ ਨੇ ਦੋ ਹਫ਼ਤੇ ਦਾ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਇਸ ਮਾਮਲੇ ਦੀ ਸੁਣਵਾਈ 31 ਅਕਤੂਬਰ ਨੂੰ ਕਰਨਗੇ। ਬੈਂਚ ਨੇ ਕਿਹਾ, ਅਸੀਂ ਤੁਹਾਨੂੰ ਕਾਫ਼ੀ ਸਮਾਂ ਦਿੱਤਾ ਹੈ। ਪਿਛਲੀ ਵਾਰ ਨੋਟਿਸ ਜਾਰੀ ਕਰਦਿਆਂ ਅਸੀਂ ਖੁੱਲ੍ਹੇ ਕੋਰਟ ਵਿੱਚ ਕਿਹਾ ਸੀ ਕਿ ਅਸੀਂ ਇਸ ਮਾਮਲੇ ਦੀ ਸੁਣਵਾਈ 29 ਅਕਤੂਬਰ ਨੂੰ ਕਰਾਂਗੇ ਅਤੇ ਇਸ ਦਾ ਨਿਪਟਾਰਾ ਕਰਾਂਗੇ। ਬੈਂਚ ਨੇ ਕਿਹਾ, ਸਪੱਸ਼ਟ ਤੌਰ 'ਤੇ ਕਹੀਏ ਤਾਂ, ਜ਼ਮਾਨਤ ਦੇ ਮਾਮਲਿਆਂ ਵਿੱਚ ਜਵਾਬੀ ਕਾਰਵਾਈ ਦਾਖ਼ਲ ਕਰਨ ਦਾ ਕੋਈ ਸਵਾਲ ਹੀ ਨਹੀਂ ਹੁੰਦਾ।"

ਖਾਲਿਦ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਦੱਸਿਆ ਕਿ ਪਟੀਸ਼ਨਕਰਤਾ ਪੰਜ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹਨ ਪਟੀਸ਼ਨਕਰਤਾਵਾਂ ਵਿੱਚੋਂ ਇੱਕ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਪੂਰਾ ਮਾਮਲਾ ਮੁਕੱਦਮੇ ਵਿੱਚ ਹੋ ਰਹੀ ਦੇਰੀ ਬਾਰੇ ਹੈ ਅਤੇ ਸੁਣਵਾਈ ਵਿੱਚ ਹੋਰ ਦੇਰੀ ਨਹੀਂ ਹੋਣੀ ਚਾਹੀਦੀ।

CBSE ਦਾ 'ਰੱਟਾ ਮਾਰ' ਸਿਸਟਮ ਖ਼ਤਮ ! ਹੁਣ ਪਾਸ ਹੋਣ ਲਈ 'ਸਮਝ' ਹੀ ਆਵੇਗੀ ਕੰਮ

ਨਵੀਂ ਦਿੱਲੀ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜੇਕਰ ਤੁਸੀਂ ਵੀ ਸਕੂਲ ਦੀ ਪੜ੍ਹਾਈ ਸਿਰਫ਼ ਇਸ ਲਈ ਕਰਦੇ ਹੋ ਤਾਂ ਕਿ ਪ੍ਰੀਖਿਆ ਵਿੱਚ ਚੰਗੇ ਨੰਬਰ ਆ ਜਾਣ, ਭਾਵੇਂ ਵਿਸ਼ਾ ਸਮਝ ਵਿੱਚ ਆਇਆ ਹੋਵੇ ਜਾਂ ਨਹੀਂ, ਤਾਂ ਹੁਣ ਸਾਵਧਾਨ ਹੋ ਜਾਓ ! ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (Central Board of Secondary Education - CBSE) ਹੁਣ ਪੜ੍ਹਾਈ ਅਤੇ ਪ੍ਰੀਖਿਆ ਦੇ ਰਵਾਇਤੀ ਤਰੀਕਿਆਂ (traditional methods) ਵਿੱਚ ਇੱਕ ਕ੍ਰਾਂਤੀਕਾਰੀ ਬਦਲਾਅ (revolutionary change) ਲਿਆਉਣ ਜਾ ਰਿਹਾ ਹੈ। ਹੁਣ ਸਿਰਫ਼ ਰੱਟਾ ਲਾ ਕੇ (rote learning) ਪਾਸ ਹੋਣ ਵਾਲੇ ਵਿਦਿਆਰਥੀਆਂ ਲਈ ਅੱਗੇ ਦੀ ਰਾਹ ਮੁਸ਼ਕਲ ਹੋਣ ਵਾਲੀ ਹੈ।

ਨਵੀਂ ਰਾਸ਼ਟਰੀ ਸਿੱਖਿਆ ਨੀਤੀ \ 2020 ਤਹਿਤ, CBSE ਜਲਦੀ ਹੀ ਇੱਕ ਨਵਾਂ ਆਨਲਾਈਨ ਪਲੇਟਫਾਰਮ ਲਾਂਚ ਕਰਨ ਵਾਲਾ ਹੈ। ਇਸ ਪਲੇਟਫਾਰਮ ਦਾ ਮਕਸਦ ਇਹ ਪਰਖਣਾ ਹੋਵੇਗਾ ਕਿ ਵਿਦਿਆਰਥੀਆਂ ਨੇ ਵਿਸ਼ਿਆਂ ਨੂੰ ਕਿੰਨੀ ਡੂੰਘਾਈ ਨਾਲ ਸਮਝਿਆ ਹੈ ਅਤੇ ਉਹ ਉਸ ਗਿਆਨ ਦੀ ਵਰਤੋਂ ਅਸਲ ਜ਼ਿੰਦਗੀ ਵਿੱਚ ਕਿਵੇਂ ਕਰ ਸਕਦੇ ਹਨ।

ਚੋਣ ਕਮਿਸ਼ਨ ਦਾ ਵੱਡਾ ਐਲਾਨ SIR ਦਾ ਦੂਜਾ ਪੜਾਅ 12 ਰਾਜਾਂ 'ਚ ਸ਼ੁਰੂ, ਵੋਟਰ ਸੂਚੀ 'ਚ ਵੱਡਾ ਬਦਲਾਅ

ਨਵੀਂ ਦਿੱਲੀ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਬਿਹਾਰ ਵਿੱਚ SIR ਦੇ ਸਫਲਤਾਪੂਰਵਕ ਲਾਗੂ ਹੋਣ ਤੋਂ ਬਾਅਦ, ਹੁਣ ਦੂਜਾ ਪੜਾਅ ਦੇਸ਼ ਦੇ ਹੋ

ਔਰਤ ਕੋਲੋਂ ਚੋਰੀ ਹੋਏ ਗਹਿਣੇ ਤੇ ਨਕਦੀ ਬਰਾਮਦ

ਸ਼ਾਹਬਾਦ ਮਾਰਕੰਡਾ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪੁਲੀਸ ਨੇ ਘਰ ਵਿੱਚੋਂ ਚੋਰੀ ਦੇ ਦੋਸ਼ ਵਿੱਚ ਇੱਕ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਕਪਤਾਨ ਨਿਤੀਸ਼ ਅਗਰਵਾਲ ਦੀ ਯੋਗ ਅਗਵਾਈ ਹੇਠ ਅਪਰਾਧਾ ਸ਼ਾਖਾ ਦੀ ਟੀਮ ਨੇ ਯਮੁਨਾਨਗਰ ਦੀ ਔਰਤ ਜੋ ਵਰਤਮਾਨ ਵਿੱਚ ਸੋਹਾਣਾ ਮੋਹਾਲੀ ਪੰਜਾਬ ਦੀ ਰਹਿਣ ਵਾਲੀ ਹੈ ਨੂੰ ਘਰ ਤੋਂ ਚੋਰੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਕੋਲੋਂ ਚੋਰੀ ਕੀਤੇ ਗਹਿਣੇ ਬਰਾਮਦ ਕਰ ਲਏ ਹਨ।ਪੁਲੀਸ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦਸਿੱਆ ਕਿ ਪਿੰਡ ਡੰਗਾਲੀ ਦੇ ਰਹਿਣ ਵਾਲੇ ਧਰਮਬੀਰ ਨੇ ਪੁਲੀਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਬੀਤੇ 20 ਅਕਤੂਬਰ ਨੂੰ ਉਸ ਦੀ ਪਤਨੀ ਵੱਲੋਂ ਪਛਾਣੀ ਗਈ ਇੱਕ ਔਰਤ ਉਸ ਦੇ ਘਰ ਮਹਿਮਾਨ ਵਜੋਂ ਆਈ ਅਤੇ 22 ਅਕਤੂਬਰ ਨੂੰ ਸਵੇਰੇ 6 ਵਜੇ ਉਸ ਔਰਤ ਨੇ ਉਸ ਦੇ ਘਰ ’ਚੋਂ ਸੋਨੇ ਤੇ ਚਾਂਦੀ ਦੇ ਗਹਿਣੇ ਤੇ ਨਕਦੀ ਚੋਰੀ ਕਰ ਲਈ। ਸ਼ਿਕਾਇਤ ਦੇ ਆਧਾਰ ਤੇ ਥਾਣਾ ਸ਼ਾਹਬਾਦ ਵਿੱਚ ਮਾਮਲਾ ਦਰਜ ਕਰ ਜਾਂਚ ਕੀਤੀ ਗਈ।ਮਾਮਲੇ ਦੀ ਜਾਂਚ ਕਰਦੇ ਹੋਏ ਅਪਰਾਧ ਜਾਂਚ ਸ਼ਾਖਾ ਇੱਕ ਦੇ ਇੰਚਾਰਜ ਸੁਰਿੰਦਰ ਕੁਮਾਰ ਦੀ ਟੀਮ ਨੇ ਯਮੁਨਾਨਗਰ ਦੀ ਇੱਕ ਔਰਤ ਜੋ ਕਿ ਵਰਤਮਾਨ ਵਿੱਚ ਸੋਹਾਣਾ ਮੋਹਾਲੀ ਪੰਜਾਬ ਦੀ ਰਹਿਣ ਵਾਲੀ ਹੈ ਨੂੰ ਘਰ ’ਚ ਚੋਰੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ ਤੇ ਉਸ ਕੋਲੋਂ ਚੋਰੀ ਦੇ ਸਾਰੇ ਗਹਿਣੇ ਤੇ ਨਕਦੀ ਬਰਾਮਦ ਕਰ ਲਈ ਗਈ ਹੈ। ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿਥੋਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਪੁਲੀਸ ਅਧਿਕਾਰੀਆਂ ?ਨੇ ਸ਼ਹਿਰ ਦੇ ਸ਼ਰਾਰਤਨੀ ਅਨਸਰਾਂ ?ਨੂੰ ਚਿਤਾਵਨੀ ਦਿੱਤੀ ਹੈ।

ਜੀਂਦ ਮੰਡੀ ’ਚ ਝੋਨੇ ਦੀ ਚੁਕਾਈ ਠੱਪ

ਜੀਂਦ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਨਵੀਂ ਅਨਾਜ ਮੰਡੀ ਵਿੱਚ ਪੀ ਆਰ ਝੋਨੇ ਦੀ ਐੱਮ ਐੱਸ ਪੀ ਉੱਤੇ ਖਰੀਦ ਹੋਣ ਮਗਰੋਂ ਹੁਣ ਇਸ ਦੀ ਚੁਕਾਈ ਦਾ ਮਾਮਲਾ ਲਟਕਦਾ ਦਿਖਾਈ ਦੇ ਰਿਹਾ ਹੈ, ਜਿਸ ਦੇ ਕਾਰਨ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦਾ ਭੁਗਤਾਨ ਵੀ ਨਹੀਂ ਹੋ ਰਿਹਾ, ਕਿਉਂਕਿ ਜਦੋਂ ਤੱਕ ਮੰਡੀ ਤੋਂ ਖਰੀਦੀ ਗਈ ਫਸਲ ਦੀ ਚੁਕਾਈ ਨਹੀਂ ਹੋ ਜਾਂਦੀ, ਉਦੋਂ ਤੱਕ ਕਿਸਾਨਾਂ ਨੂੰ ਇਸ ਦਾ ਭੁਗਤਾਨ ਨਹੀਂ ਕੀਤਾ ਜਾ ਸਕਦਾ।

ਦੱਸਣਯੋਗ ਹੈ ਕਿ ਹਰਿਆਣਾ ਸਰਕਾਰ ਨੇ ਕਿਸਾਨਾਂ ਦੀ ਫਸਲਾਂ ਦੀ ਖਰੀਦ ਐੱਮ ਐੱਸ ਪੀ ’ਤੇ ਕਰਨ ਮਗਰੋਂ ਇਸ ਦੀ 48 ਘੰਟਿਆਂ ਵਿੱਚ ਚੁਕਾਈ ਲਈ ਏਜੰਸੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ਪਰ ਫਸਲਾਂ ਦੀ ਚੁਕਾਈ ਨਾਂ ਹੋਣ ਕਾਰਨ ਸਰਕਾਰ ਵੱਲੋਂ ਏਜੰਸੀਆਂ ਨੂੰ ਕੀਤੀਆਂ ਹਦਾਇਤਾਂ ਦੀਆਂ ਧੱਜੀਆਂ ਉੱਡ ਰਹੀਆਂ ਹਨ।

ਇੱਥੋਂ ਦੀ ਅਨਾਜ ਮੰਡੀ ਵਿੱਚ ਹੁਣ ਤੱਕ ਦਸ ਹਜ਼ਾਰ ਕੁਇੰਟਲ ਤੋਂ ਵੱਧ ਝੋਨੇ ਦੀ ਐੱਮ ਐੱਸ ਪੀ ਉੱਤੇ ਖਰੀਦ ਹੋ ਚੁੱਕੀ ਹੈ, ਜਿਸ ਵਿੱਚੋਂ ਨੌਂ ਹਜ਼ਾਰ ਕੁਇੰਟਲ ਝੋਨੇ ਦੀ ਚੁਕਾਈ ਹੋ ਚੁੱਕੀ ਹੈ, ਬਾਕੀ ਦੇ ਝੋਨਾ ਅਤੇ ਨਰਮਾ ਕਪਾਹ ਦੀ ਚੁਕਾਈ ਹੋਣਾ ਬਾਕੀ ਹੈ। ਸੁਸਾਇਟੀ ਦੇ ਪ੍ਰਬੰਧਕ ਰਤਨਦੀਪ ਨੇ ਕਿਹਾ ਹੈ ਕਿ ਝੋਨੇ ਦੀ ਫਸਲ ਦੀ ਚੁਕਾਈ ਜਾਰੀ ਹੈ ਪਰ ਆੜ੍ਹਤੀ ਦੀ ਫਸਲ ਵਿੱਚ ਸਾਫ-ਸਫਾਈ ਦੀ ਕਮੀ ਪਾਈ ਗਈ ਹੈ, ਉਸ ਦੀ ਚੁਕਾਈ ਵਿੱਚ ਦੇਰੀ ਹੋ ਰਹੀ ਹੈ।

ਇਸ ਪ੍ਰਕਾਰ ਕਿਸਾਨਾਂ ਦੀ ਲਗਪਗ 50 ਲੱਖ ਰੁਪਏ ਦੀ ਫ਼ਸਲ ਲਟਕੀ ਹੋਈ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਸਾਰੀ ਫਸਲ ਦੀ ਚੁਕਾਈ ਕਰਵਾ ਲਈ ਜਾਵੇਗਾ।

ਛੱਠ ਪੂਜਾ: ਕੌਂਡਲੀ ਘਾਟ ’ਤੇ ਪਾਬੰਦੀ ਦਾ ‘ਆਪ’ ਵੱਲੋਂ ਵਿਰੋਧ

ਨਵੀਂ ਦਿੱਲੀ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਰਾਜਧਾਨੀ ਵਿੱਚ ਛੱਠ ਪੂਜਾ ’ਤੇ ਸਿਆਸਤ ਜ਼ੋਰਾਂ ’ਤੇ ਹੋ ਰਹੀ ਹੈ, ਦਿੱਲੀ ਦੀ ਸੱਤਾਧਾਰੀ ਪਾਰਟੀ ਭਾਜਪਾ ਤੇ ਇੱਥੋਂ ਦੀਆਂ ਵਿਰੋਧੀ ਪਾਰਟੀਆਂ ਇੱਕ-ਦੂਜੇ ’ਤੇ ਨਿਸ਼ਾਨੇ ਸੇਧ ਰਹੇ ਹਨ। ਦਿੱਲੀ ਅੰਦਰ ਪੁਰਵਾਂਚਲ ਦੇ ਵੋਟਰ ਵੱਡੀ ਗਿਣਤੀ ਵਿੱਚ ਰਹਿੰਦੇ ਹਨ ਤੇ ਦਿੱਲੀ ਦੀਆਂ ਦੋਵੇਂ ਮੁੱਖ ਪਾਰਟੀਆਂ ਭਾਜਪਾ ਤੇ ਆਮ ਆਦਮੀ ਪਾਰਟੀ ਦੇ ਕਈ ਸੀਨੀਅਰ ਆਗੂ ਪੂਰਵਾਂਚਲ ਖੇਤਰ ਤੋਂ ਹਨ। ਆਮ ਆਦਮੀ ਪਾਰਟੀ ਨੇ ਭਾਜਪਾ ਸਰਕਾਰ ਵੱਲੋਂ ਕੌਂਡਲੀ ਘਾਟ ’ਤੇ ਛੱਠ ਪੂਜਾ ’ਤੇ ਪਾਬੰਦੀ ਦੇ ਵਿਰੋਧ ਵਿੱਚ ਐਤਵਾਰ ਨੂੰ ਵਿਰੋਧ ਪ੍ਰਦਰਸ਼ਨ ਕਰ ਕੇ ਭਾਜਪਾ ਖਿਲਾਫ਼ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਘਾਟ ਵਿੱਚ ਨਹਿਰ ਵਿੱਚ ਤੁਰੰਤ ਪਾਣੀ ਛੱਡਣ ਦੀ ਮੰਗ ਕੀਤੀ ਹੈ।

ਆਮ ਆਦਮੀ ਪਾਰਟੀ ਵਿਧਾਇਕ ਸੰਜੀਵ ਝਾਅ, ਕੌਂਡਲੀ ਦੇ ਵਿਧਾਇਕ ਕੁਲਦੀਪ ਕੁਮਾਰ ਤੇ ਸਥਾਨਕ ਨਿਵਾਸੀ ਘਾਟ ’ਤੇ ਪਹੁੰਚੇ ਤੇ ਕਿਹਾ ਕਿ ਕੌਂਡਲੀ ਘਾਟ ’ਤੇ ਸਾਲਾਂ ਤੋਂ ਛੱਠ ਪੂਜਾ ਮਨਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਆਸਥਾ ਦੇ ਨਾਲ-ਨਾਲ ਪਰੰਪਰਾ ਤੇ ਪਛਾਣ ਦਾ ਵੀ ਸਥਾਨ ਹੈ। ਉਨ੍ਹਾਂ ਦੋਸ਼ ਲਾਇਆ ਕਿ ਇੱਥੇ ਦਿੱਲੀ ਸਰਕਾਰ ਦੇ ਹੁਕਮਾਂ ਅਨੁਸਾਰ ਪੂਜਾ ਰੋਕ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਡੀ ਐੱਮ ਨੇ ਘਾਟ ਨੂੰ ਮਨਜ਼ੂਰੀ ਦੇ ਦਿੱਤੀ, ਪੂਜਾ ਲਈ ਟੈਂਡਰ ਵੀ ਪਾਸ ਕਰ ਦਿੱਤਾ ਗਿਆ ਤੇ ਪ੍ਰਬੰਧਾਂ ਨੂੰ ਅੰਤਿਮ ਰੂਪ ਵੀ ਦੇ ਦਿੱਤਾ ਗਿਆ। ਉਨ੍ਹਾਂ ਸਵਾਲ ਉਠਾਇਆ ਕਿ ਹੁਣ ਕਿਸ ਦੇ ਹੁਕਮ ’ਤੇ ਪੂਜਾ ਨੂੰ ਰੋਕਿਆ ਜਾ ਰਿਹਾ ਹੈ? ਕੀ ਹੁਣ ਪੂਰਵਾਂਚਲ ਦੇ ਲੋਕਾਂ ਦੀ ਆਸਥਾ ਰਾਜਨੀਤੀ ਲਈ ਕੁਰਬਾਨ ਕੀਤੀ ਜਾਵੇਗੀ? ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਛੱਠ ਸਿਰਫ਼ ਇੱਕ ਪੂਜਾ ਨਹੀਂ ਹੈ, ਸਗੋਂ ਇਹ ਉਨ੍ਹਾਂ ਦੀ ਅਟੁੱਟ ਸ਼ਰਧਾ ਹੈ। ਉਨ੍ਹਾਂ ਮੰਗ ਕੀਤੀ ਕਿ ਪ੍ਰਸ਼ਾਸਨ ਨੂੰ ਆਪਣਾ ਵਾਅਦਾ ਪੂਰਾ ਕਰਨਾ ਚਾਹੀਦਾ ਹੈ ਤੇ ਪੂਜਾ ਲਈ ਪੂਰੇ ਪ੍ਰਬੰਧ ਯਕੀਨੀ ਬਣਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕੌਂਡਲੀ ਤੋਂ ਯਮੁਨਾ ਤੱਕ ਵਗਦੀ ਨਹਿਰ ਵਿੱਚ ਸਾਲਾਂ ਤੋਂ ਛੱਠ ਪੂਜਾ ਮਨਾਈ ਜਾ ਰਹੀ ਹੈ। 2013 ਤੋਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਪੂਜਾ ਹੁੰਦੀ ਸੀ। ਜ਼ਿਲ੍ਹਾ ਮੈਜਿਸਟ੍ਰੇਟ ਨੇ ਇਸ ਜਗ੍ਹਾ ਨੂੰ ਅਧਿਕਾਰਤ ਕੀਤਾ ਸੀ। ਇਸ ਤੋਂ ਬਾਅਦ ਵੀ ਹੁਣ ਇੱਥੇ ਪੂਜਾ ਨਹੀਂ ਹੋਣ ਦਿੱਤੀ ਜਾ ਰਹੀ ਹੈ।

ਪੋਲਟਰੀ ਫਾਰਮ ਵੱਲੋਂ ਮਾਰਕੀਟ ਕਮੇਟੀ ਤੇ ਰੂਰਲ ਡਿਵੈੱਲਪਮੈਂਟ ਫੰਡ ਦੀ ਚੋਰੀ

ਚਮਕੌਰ ਸਾਹਿਬ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਚਮਕੌਰ ਸਾਹਿਬ ਦੇ ਇਲਾਕੇ ਵਿੱਚ ਸਥਿਤ ਪੋਲਟਰੀ ਫਾਰਮ ਦੇ ਮਾਲਕਾਂ ਵੱਲੋਂ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਦੂਜੇ ਸੂਬਿਆਂ ਤੋਂ ਮੱਕੀ, ਜੌਂ ਅਤੇ ਬਾਜਰਾ ਆਦਿ ਮੰਗਵਾਉਣ ਸਮੇਂ ਵੱਡੇ ਪੱਧਰ ਤੇ ਮਾਰਕੀਟ ਕਮੇਟੀ ਤੇ ਰੂਰਲ ਡਿਵੈਲਪਮੈਂਟ ਫੰਡ ਦੀ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਇਸ ਸਬੰਧੀ ਜ਼ਿਲ੍ਹਾ ਮੰਡੀ ਅਫ਼ਸਰ ਵੱਲੋਂ ਮਾਰਕੀਟ ਕਮੇਟੀ ਦੇ ਚੇਅਰਮੈਨ ਤੇ ਸਕੱਤਰ ਦੀ ਹਾਜ਼ਰੀ ਵਿੱਚ ਮਾਮਲੇ ਦੀ ਪੜਤਾਲ ਕਰਨ ਉਪਰੰਤ ਪੋਲਟਰੀ ਫਾਰਮ ਦੇ ਮਲਕ ਨੂੰ ਸਵਾ ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ ਕੀਤਾ ਗਿਆ ਹੈ ਪਰ ਅਧਿਕਾਰੀਆਂ ਨੇ ਰਾਜਸਥਾਨ ਤੋਂ ਜਿਣਸ ਲੈ ਕੇ ਆਈ ਗੱਡੀ ਜ਼ਬਤ ਨਹੀ ਕੀਤੀ।

ਜਾਣਕਾਰੀ ਅਨੁਸਾਰ ਨਜ਼ਦੀਕੀ ਪਿੰਡ ਬਹਿਰਾਮਪੁਰ ਬੇਟ ਵਿਖੇ ਸਥਿਤ ਮਨਜੀਤ ਪੋਲਟਰੀ ਫਾਰਮ ਦੇ ਮਾਲਕਾਂ ਨੇ ਰਾਜਸਥਾਨ ਤੋਂ ਬਾਜਰਾ ਮੰਗਵਾਇਆ ਸੀ, ਜਿਸ ਉਪਰੰਤ ਤਾਲਿਬ ਨਾਮਕ ਡਰਾਈਵਰ ਗੱਡੀ ਨੰਬਰ ਆਰ ਜੇ -11- ਜੀਸੀ 4727 ਰਾਂਹੀ ਬਾਜਰਾ ਲੈ ਕੇ ਪੋਲਟਰੀ ਫਾਰਮ ’ਤੇ ਪੁੱਜਿਆ ਸੀ।

ਇਸ ਦੀ ਸੂਚਨਾ ਮਿਲਣ ’ਤੇ ਜ਼ਿਲ੍ਹਾ ਮੰਡੀ ਅਫਸਰ ਸੁਰਿੰਦਰਪਾਲ ਸਿੰਘ ਵੱਲੋਂ ਰਾਜਸਥਾਨ ਨੰਬਰ ਟਰੱਕ ਦਾ ਪਿੱਛਾ ਕੀਤਾ ਗਿਆ ਤੇ ਰੋਕ ਕੇ ਪੁੱਛਣ ’ਤੇ ਟਰੱਕ ਡਰਾਈਵਰ ਤਾਲਿਬ ਨੇ ਦੱਸਿਆ ਕਿ ਟਰੱਕ ਵਿੱਚ ਰਾਜਸਥਾਨ ਦੀ ਮਾਲਕ ਖੇੜਾ ਮੰਡੀ ਤੋਂ 29 ਟਨ ਬਾਜਰਾ ਆਇਆ ਸੀ, ਜੋ ਉਸ ਵੱਲੋਂ ਮਨਜੀਤ ਪੋਲਟਰੀ ਫਾਰਮ ਬਹਿਰਾਮਪੁਰ ਬੇਟ ਵਿੱਚ ਉਤਾਰਿਆ ਗਿਆ ਹੈ। ਟਰੱਕ ਡਰਾਈਵਰ ਨੇ ਮੰਡੀ ਅਧਿਕਾਰੀਆ ਨੂੰ ਮੌਕੇ ਤੇ ਬਾਜਰੇ ਦਾ ਬਕਾਇਦਾ ਬਿੱਲ ਵੀ ਦਿਖਾਇਆ ਪਰ ਉਹ ਮਾਰਕੀਟ ਕਮੇਟੀ ਫੀਸ ਤੇ ਰੂਰਲ ਡਿਵੈਲਪਮੈਂਟ ਫੰਡ ਦੀ ਅਦਾਇਗੀ ਸਬੰਧੀ ਕੋਈ ਰਸੀਦ ਨਾ ਦਿਖਾ ਸਕਿਆ।

ਇਸ ਮਗਰੋਂ ਜ਼ਿਲ੍ਹਾ ਮੰਡੀ ਅਫ਼ਸਰ ਨੇ ਕਾਰਵਾਈ ਕਰਦਿਆਂ ਆਪਣੇ ਦਫਤਰ ਦੇ ਕਲਰਕ ਨਾਲ ਪੋਲਟਰੀ ਫਾਰਮ ਬਹਿਰਾਮਪੁਰ ਬੇਟ ਦੇ ਪਿੰਡ ਮਹਿਤੋਤ ਸੜਕ ਦੀ ਪੜਤਾਲ ਕੀਤੀ, ਜਿੱਥੇ ਦੂਜਿਆਂ ਸੂਬਿਆਂ ਤੋਂ ਪੰਜਾਬ ਵਿੱਚ ਭਾਰੀ ਮਾਤਰਾ ਮੰਗਵਾਇਆ ਗਿਆ ਜੌਂ, ਬਾਜਰਾ ਅਤੇ ਮੱਕੀ ਦਾ ਸਟਾਕ ਮਿਲਿਆ।

ਮੰਡੀ ਅਫ਼ਸਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਦੂਜਿਆਂ ਸੂਬਿਆਂ ਤੋਂ ਮੰਗਵਾਈ ਗਈ ਜਿਣਸ ਮੱਕੀ, ਜੌਂ , ਬਾਜਰਾ ਤੇ ਮਾਰਕੀਟ ਫੀਸ ਅਤੇ ਰੂਰਲ ਡਿਵੈਲਪਮੈਂਟ ਫੰਡ ਲੈਣਾ ਬਣਦਾ ਹੈ। ਉਨ੍ਹਾਂ ਦੱਸਿਆ ਕਿ ਮਾਰਕੀਟ ਕਮੇਟੀ ਦੇ ਨੋਟੀਫਾਈਡ ਏਰੀਏ ਵਿੱਚ ਸਥਿਤ ਪੋਲਟਰੀ ਫਾਰਮ ਵਾਲੇ ਬਿਨਾਂ ਕਿਸੇ ਲਾਈਸੈਂਸ ਤੋਂ ਖਰੀਦੋ ਫਰੋਖਤ ਦਾ ਕਾਰੋਬਾਰ ਨਹੀਂ ਕਰ ਸਕਦੇ। ਇਸ ਤੇ ਕਾਰਵਾਈ ਕਰਦਿਆਂ ਜ਼ਿਲ੍ਹਾ ਮੰਡੀ ਅਫ਼ਸਰ ਸੁਰਿੰਦਰਪਾਲ ਸਿੰਘ ਅਤੇ ਕਲਰਕ ਮਨਜੀਤ ਸਿੰਘ ਵੱਲੋਂ ਮਨਜੀਤ ਪੋਲਟਰੀ ਫਾਰਮ ਨੂੰ ਮਾਰਕੀਟ ਫੀਸ ਦੀ ਵਸੂਲੀ ਲਈ ਨੋਟਿਸ ਜਾਰੀ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਵੱਲੋਂ ਫੜਿਆ ਲਗਪਗ 600 ਕੁਇੰਟਲ ਬਾਜਰਾ, ਜਿਸ ਦੀ ਕੀਮਤ 12 ਲੱਖ ਤੋਂ ਉੱਤੇ ਬਣਦੀ ਹੈ, ਜਿਸ ਤੇ ਤਿੰਨ ਪ੍ਰਤੀਸ਼ਤ ਦੇ ਹਿਸਾਬ ਨਾਲ 36 ਹਜ਼ਾਰ ਮਾਰਕੀਟ ਫੀਸ ਅਤੇ 36 ਹਜ਼ਾਰ ਆਰਡੀਐਫ ਸਮੇਤ 36 ਹਜ਼ਾਰ ਰੁਪਏ ਬਰਾਬਰ ਦਾ ਜੁਰਮਾਨਾ ਲਾਇਆ। ਇਸੇ ਤਰ੍ਹਾਂ ਲਗਭਗ 100 ਕੁਇੰਟਲ ਮੱਕੀ ਜਿਸ ਦੀ ਕੀਮਤ ਲਗਪਗ ਦੋ ਲੱਖ ਰੁਪਏ ਬਣਦੀ ਹੈ, ਜਿਸ ਤੋਂ ਮਾਰਕੀਟ ਫੀਸ 6 ਹਜ਼ਾਰ ਆਰਡੀਐਫ 6 ਹਜ਼ਾਰ, ਜੁਰਮਾਨਾ 6 ਹਜ਼ਾਰ ਕੁੱਲ 18 ਹਜ਼ਾਰ ਰੁਪਏ ਬਣਦੀ ਬਣਦੀ ਹੈ।

ਜ਼ਿਲ੍ਹਾ ਮੰਡੀ ਅਫ਼ਸਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਉਕਤ ਪੋਲਟਰੀ ਫਾਰਮ ਤੋਂ ਕੁੱਲ 1,26,000 ਰੁਪਏ ਦੀ ਵਸੂਲੀ ਲਈ ਮਾਰਕੀਟ ਕਮੇਟੀ ਚਮਕੌਰ ਸਾਹਿਬ ਦੇ ਸਕੱਤਰ ਅਰਵਿੰਦ ਸਿੰਘ ਨੂੰ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ।

ਮਾਰਕੀਟ ਕਮੇਟੀ ਦੇ ਸਕੱਤਰ ਅਰਵਿੰਦ ਸਿੰਘ ਨੇ ਦੱਸਿਆ ਕਿ ਉਕਤ ਪੋਲਟਰੀ ਫਾਰਮ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਅਤੇ ਦੋ ਦਿਨਾਂ ਦੇ ਅੰਦਰ ਫੀਸ ਤੇ ਜੁਰਮਾਨਾ ਜਮ੍ਹਾਂ ਕਰਾਉਣ ਦੀ ਹਦਾਇਤ ਕੀਤੀ ਗਈ ਹੈ।

ਲਾਰੈਂਸ ਬਿਸ਼ਨੋਈ ਦਾ ਸਹਾਇਕ ਅਮਰੀਕਾ ਤੋਂ ਡਿਪੋਰਟ, ਹਰਿਆਣਾ ਪੁਲੀਸ ਵੱਲੋਂ ਗ੍ਰਿਫ਼ਤਾਰ

ਚੰਡੀਗੜ੍ਹ, 29 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਪੁਲੀਸ ਦੀ ਸਪੈਸ਼ਲ ਟਾਸਕ ਫੋਰਸ (STF) ਨੇ ਸੰਗਠਿਤ ਅਪਰਾਧ ਵਿਰੁੱਧ ਆਪਣੇ ਅਪਰੇਸ਼ਨਾਂ ਵਿੱਚ ਇੱਕ ਵੱਡੀ ਸਫ਼ਲਤਾ ਹਾਸਲ ਕੀਤੀ ਹੈ। STF ਨੇ ਲਾਰੈਂਸ ਬਿਸ਼ਨੋਈ ਦੇ ਕਰੀਬੀ ਸਾਥੀ ਗੈਂਗਸਟਰ ਲਖਵਿੰਦਰ ਸਿੰਘ ਉਰਫ਼ ਲੱਖਾ ਨੂੰ ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ 8 ਦਿਨਾਂ ਦਾ ਪੁਲੀਸ ਰਿਮਾਂਡ ਮਿਲਿਆ ਹੈ, ਜਿਸ ਦੌਰਾਨ ਪੁੱਛਗਿੱਛ ਜਾਰੀ ਰਹੇਗੀ।

ਪੁਲੀਸ ਨੇ ਦੱਸਿਆ ਕਿ ਕੈਥਲ ਜ਼ਿਲ੍ਹੇ ਦੇ ਪਿੰਡ ਟਿਟਰਮ ਦਾ ਰਹਿਣ ਵਾਲਾ ਲੱਖਾ, 2022 ਤੋਂ ਅਨਮੋਲ ਬਿਸ਼ਨੋਈ ਦੇ ਨਿਰਦੇਸ਼ਾਂ ਤਹਿਤ ਅਮਰੀਕਾ ਤੋਂ ਕੰਮ ਕਰ ਰਿਹਾ ਸੀ। ਉਹ ਕਥਿਤ ਤੌਰ @ਤੇ ਹਰਿਆਣਾ ਅਤੇ ਪੰਜਾਬ ਵਿੱਚ ਸੰਗਠਿਤ ਅਪਰਾਧ ਨਾਲ ਸਬੰਧਤ ਲਗਪਗ ਇੱਕ ਦਰਜਨ ਜਬਰੀ ਵਸੂਲੀ (extortion) ਅਤੇ ਗੋਲੀਬਾਰੀ ਦੇ ਮਾਮਲਿਆਂ ਵਿੱਚ ਸ਼ਾਮਲ ਸੀ।

ਅਧਿਕਾਰੀਆਂ ਅਨੁਸਾਰ ਉਸ ਖ਼ਿਲਾਫ਼ 2023 ਵਿੱਚ ਸੋਨੀਪਤ, ਰੋਹਤਕ, ਯਮੁਨਾਨਗਰ, ਕੈਥਲ ਅਤੇ ਅੰਬਾਲਾ ਵਿੱਚ ਜਬਰੀ ਵਸੂਲੀ ਅਤੇ ਧਮਕੀਆਂ ਦੇਣ ਲਈ ਕਈ ਐਫਆਈਆਰ ਦਰਜ ਕੀਤੀਆਂ ਗਈਆਂ ਸਨ।

STF ਏ ਉਸਨੂੰ ਟਰੈਕ ਕਰਨ ਲਈ 2023 ਵਿੱਚ ਇੱਕ ਲੁੱਕ ਆਊਟ ਸਰਕੂਲਰ (LOC) ਅਤੇ 2024 ਵਿੱਚ ਇੱਕ ਰੈੱਡ ਕਾਰਨਰ ਨੋਟਿਸ (RCN) ਜਾਰੀ ਕੀਤਾ ਸੀ। ਲਗਪਗ ਇੱਕ ਸਾਲ ਤੱਕ ਕੌਮੀ ਅਤੇ ਕੌਮਾਂਤਰੀ ਏਜੰਸੀਆਂ ਨਾਲ ਤਾਲਮੇਲ ਕਰਨ ਤੋਂ ਬਾਅਦ, STF ਅੰਬਾਲਾ ਯੂਨਿਟ ਨੇ ਸਾਰੀਆਂ ਕਾਨੂੰਨੀ ਕਾਰਵਾਈਆਂ ਪੂਰੀਆਂ ਕਰਕੇ ਉਸ ਦੀ ਸਫ਼ਲਤਾਪੂਰਵਕ ਡਿਪੋਰਟੇਸ਼ਨ ਨੂੰ ਅੰਜਾਮ ਦਿੱਤਾ ਅਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਹਰਿਆਣਾ ਪੁਲੀਸ ਦੇ ਬੁਲਾਰੇ ਨੇ ਕਿਹਾ ਕਿ STF ਸੰਗਠਿਤ ਅਪਰਾਧ ਨੈੱਟਵਰਕਾਂ ਨੂੰ ਖਤਮ ਕਰਨ ਲਈ ਵਚਨਬੱਧ ਹੈ ਅਤੇ ਵਿਦੇਸ਼ਾਂ ਤੋਂ ਕੰਮ ਕਰ ਰਹੇ ਹੋਰ ਲੋੜੀਂਦੇ ਅਪਰਾਧੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਡਿਪੋਰਟ ਕਰਨ ਲਈ ਅੱਗੇ ਦੀਆ

ਇਕ ਸਾਲ ਤੋਂ ਜਠੇਰੇ ਗੋਤ ਸੈਲੋਪਾਲ 'ਚ ਮੀਟਰ ਲਗਵਾਉਣ ਲਈ ਪਾਵਰਕਾਮ ਦਫ਼ਤਰ ਦੇ ਚੱਕਰ ਲਾ ਕੇ ਰਹੇ ਪ੍ਰਧਾਨ

ਕੌਮੀ ਪਤ੍ਰਿਕਾ

ਆਦਮਪੁਰ 29 ਅਕਤੂਬਰ। ਪਿੰਡ ਪੰਡੋਰੀ ਨਿੱਝਰਾਂ 'ਚ ਸਥਿਤ ਜਠੇਰੇ ਗੋਤ ਸੈਲੋਪਾਲ ਦੇ ਪਵਿੱਤਰ ਅਸਥਾਨ 'ਤੇ ਬਿਜਲੀ ਦਾ ਮੀਟਰ ਲਾਉਣ ਲਈ ਅਪਲਾਈ ਕੀਤੇ ਨੂੰ ਕਰੀਬ ਇਕ ਸਾਲ ਹੋ ਚੁੱਕਾ ਹੈ ਪਰ ਪਾਵਰਕਾਮ ਆਦਮਪੁਰ ਦਫ਼ਤਰ ਦੇ ਅਧਿਕਾਰੀਆਂ ਨੇ ਅਜੇ ਤੱਕ ਮੀਟਰ ਨਹੀਂ ਲਾਇਆ, ਜਿਸ ਕਾਰਨ ਜਠੇਰਿਆਂ ਦੀ ਪ੍ਰਬੰਧਕ ਕਮੇਟੀ ਤੇ ਸੰਗਤਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮੀਟਿਡ ਦੇ ਦਫਤਰ ਆਦਮਪੁਰ ਵਿਖੇ ਪਹੁੰਚੇ ਜਠੇਰੇ ਗੋਤ ਸੈਲੋਪਾਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਦਿਆਲ ਸਿੰਘ, ਵਿਮਲ ਕੁਮਾਰ, ਜਸਪਾਲ ਸਿੰਘ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਜਠੇਰੇ ਗੋਤ ਸੈਲੋਪਾਲ ਪਿੰਡ ਪੰਡੋਰੀ ਨਿੱਝਰਾਂ 'ਚ ਸਥਿਤ ਹਨ, ਜਿੱਥੇ ਬਿਜਲੀ ਦਾ ਮੀਟਰ ਨਹੀਂ ਲੱਗਾ ਹੋਇਆ ਸੀ, ਉਨ੍ਹਾਂ ਵੱਲੋਂ ਬਿਜਲੀ ਦਾ ਮੀਟਰ ਲਗਵਾਉਣ ਲਈ ਪਾਵਰਕਾਮ ਦਫ਼ਤਰ ਆਦਮਪੁਰ ਵਿਖੇ ਅਪਲਾਈ ਕੀਤੇ ਨੂੰ ਕਰੀਬ ਇਕ ਸਾਲ ਦਾ ਸਮਾਂ ਹੋ ਚੁੱਕਾ ਹੈ ਅਤੇ ਉਹ ਪਿਛਲੇ ਇਕ ਸਾਲ ਤੋਂ ਪਾਵਰਕਾਮ ਦਫ਼ਤਰ ਆਦਮਪੁਰ ਦੇ ਚੱਕਰ ਲਾ ਕੇ ਥੱਕ ਚੁੱਕੇ ਹਨ ਪਰ ਦਫ਼ਤਰ ਦੇ ਅਧਿਕਾਰੀ ਉਨ੍ਹਾਂ ਲਾਅਰੇ ਲਾਈ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 15 ਮਾਰਚ 2025 ਨੂੰ ਮੀਮੋ ਨੰਬਰ 221 ਉਨ੍ਹਾਂ ਨੂੰ ਪਾਵਰਕਾਮ ਦੇ ਦਫ਼ਤਰ ਵੱਲੋਂ ਲਿਖਤੀ ਪੱਤਰ ਭੇਜਿਆ ਗਿਆ, ਤੁਹਾਡੇ ਵੱਲੋਂ ਜੋ ਡੋਮੈਸਟਿਕ ਕੁਨੈਕਸ਼ਨ ਅਪਲਾਈ ਕੀਤਾ ਗਿਆ ਹੈ, ਮਹਿਕਮੇ ਵੱਲੋਂ 2024 ਦੀਆਂ ਹਦਾਇਤਾਂ ਅਨੁਸਾਰ ਏ. ਸੀ. ਐੱਸ. ਆਰ. 500 ਮੀਟਰ ਤੋਂ ਵੱਧ ਹੋਣ ਕਾਰਨ ਤੁਸੀਂ ਵਿਭਾਗ ਨੂੰ 81 ਹਜ਼ਾਰ 400 ਰੁਪਏ ਤਖ਼ਮੀਨੇ ਦੀ ਰਕਮ (ਸਰਕਾਰੀ ਫੀਸ) ਜਮ?ਹਾ

ਕਰਵਾਓ ਤਾਂ ਉਨ੍ਹਾਂ ਵੱਲੋਂ 28 ਜੁਲਾਈ 2025 ਨੂੰ ਤਖ਼ਮੀਨੇ ਦੀ ਰਕਮ ਜਮ?ਹਾ ਕਰਵਾ ਦਿੱਤੀ ਗਈ ਪਰ ਅੱਜ ਕਰੀਬ ਢਾਈ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਦੇ ਜਠੇਰਿਆਂ ਦੇ ਧਾਰਮਿਕ ਅਸਥਾਨ 'ਤੇ ਮੀਟਰ ਕੁਨੈਕਸ਼ਨ ਨਹੀਂ ਲਾਇਆ ਗਿਆ। ਉਨ੍ਹਾਂ ਦੱਸਿਆ ਕਿ ਕਰੀਬ ਇਕ ਸਾਲ ਪਹਿਲਾਂ ਇਸ ਮਾਮਲੇ ਦੀ ਫਾਈਲ ਜਿਸ ਜੇ. ਈ. ਕੋਲ ਸੀ, ਉਹ ਵੀ ਸੇਵਾਮੁਕਤ ਹੋ ਚੁੱਕਾ ਹੈ, ਉਸ ਨੇ ਵੀ ਉਨ੍ਹਾਂ ਨੂੰ ਬਹੁਤ ਪ੍ਰੇਸ਼ਾਨ ਕੀਤਾ ਤੇ ਜੋ ਹੁਣ ਜੇ. ਈ. ਹੈ, ਉਸ ਕੋਲ ਵੀ ਉਹ ਕਈ ਵਾਰ ਜਾ ਚੁੱਕੇ ਹਨ ਪਰ ਉਹ ਵੀ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕਰ ਰਹੇ। ਉਨ੍ਹਾਂ ਆਪਣੀ ਸਮੱਸਿਆ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਦੇ ਜਠੇਰਿਆਂ ਦਾ ਮੇਲਾ ਵੀ ਆਉਣ ਵਾਲਾ ਹੈ ਪਰ ਪਾਵਰਕਾਮ ਦੇ ਅਧਿਕਾਰੀ ਉਨ੍ਹਾਂ ਨੂੰ ਜਾਣਬੁੱਝ ਕੇ ਖਰਾਬ ਕਰ ਰਹੇ ਹਨ ਤੇ ਅੱਜ ਜਦ ਉਨ੍ਹਾਂ ਵਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮੀਟਿਡ ਦਫਤਰ ਆਦਮਪੁਰ ਵਿਖੇ ਆ ਕੇ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਤਾਂ ਪਤਾ ਲੱਗਾ ਕਿ ਉਨ੍ਹਾਂ ਵਲੋਂ ਕੁਨੈਕਸ਼ਨ ਅਪਲਾਈ ਦੀ ਵੱਖਰੀ ਤੇ ਇਨ੍ਹਾਂ ਦੇ ਕਹਿਣ ਮੁਤਾਬਿਕ ਤਖ਼ਮੀਨੇ ਦੀ 81ਹਜ਼ਾਰ 400 ਰੁਪਏ ਦੀ ਰਕਮ ਵੀ ਜਮ?ਹਾ ਕਰਵਾਉਣ ਦੇ ਬਾਵਜੂਦ ਵੀ ਅਜੇ ਤੱਕ ਦਫ਼ਤਰ ਵਿਖੇ ਉਨ੍ਹਾਂ ਨੂੰ ਕੁਨੈਕਸ਼ਨ ਦੇਣ ਤੇ ਮੀਟਰ ਲਾਵਾਉਣ ਦਾ ਕੋਈ ਸਾਮਾਨ ਨਹੀਂ ਆਇਆ, ਜਿਸ ਕਾਰਨ ਉਨ੍ਹਾਂ ਨੂੰ ਜਠੇਰੇ ਦੇ ਆ ਰਹੇ ਸਾਲਾਨਾ ਮੇਲੇ 'ਚ ਪ੍ਰੇਸ਼ਾਨੀਆਂ ਆਉਣਗੀਆਂ ਹਨ। ਉਨ੍ਹਾਂ ਚਿਤਾਵਾਣੀ ਦਿੰਦਿਆਂ ਕਿਹਾ ਕੇ ਜੇਕਰ ਉਨ੍ਹਾਂ ਨੂੰ ਜਲਦ ਬਿਜਲੀ ਕੁਨੈਕਸ਼ਨ ਨਾ ਦਿੱਤਾ ਗਿਆ ਤਾਂ ਉਹ ਪਾਵਰਕਾਮ ਦਫ਼ਤਰ ਆ ਕੇ ਰੋਸ਼ ਧਰਨਾ ਦੇਣਗੇ, ਜਿਸ ਦੀ ਜ਼ਿੰਮੇਵਾਰੀ ਸਬੰਧਿਤ ਵਿਭਾਗ ਦੀ ਹੋਵੇਗੀ। ਜਦ ਇਸ ਮਾਮਲੇ ਸਬੰਧੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮੀਟਿਡ ਦਫ਼ਤਰ ਆਦਮਪੁਰ ਦੇ ਐੱਸ. ਡੀ. ਓ. ਰਾਜ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧਿਆਨ 'ਚ ਸਾਰਾ ਮਾਮਲਾ ਆ ਗਿਆ ਹੈ, ਰਿਕਾਰਡ ਚੈੱਕ ਕਰਕੇ ਜਲਦ ਹੀ ਆਪਣੇ ਦਫ਼ਤਰ ਦੇ ਕਿਸੇ ਅਧਿਕਾਰੀ ਦੀ ਡਿਊਟੀ ਲਾ ਕੇ ਮੀਟਰ ਕੁਨੈਕਸ਼ਨ ਲਗਾਉਣ ਦੀ ਸਾਰੀ ਕਾਰਵਾਈ ਕਰ ਜਲਦ ਪੂਰੀ ਕਰ ਸੈਲੋਪਾਲ ਜਠੇਰਿਆ ਦੇ ਧਾਰਮਿਕ ਅਸਥਾਨ 'ਤੇ ਮੀਟਰ ਕੁਨੈਕਸ਼ਨ ਲਗਾ ਦੇਣਗੇ।

ਪਿੰਡ ਵਾਲਿਆਂ ਤੋਂ ਦੁਖੀ ਹੋ ਨੌਜਵਾਨ ਨੇ ਖ਼ਾਧੀ ਜ਼ਹਿਰ, ਮਰਨ ਤੋਂ ਪਹਿਲਾਂ ਬਣਾਈ ਵੀਡੀਓ

ਗੁਰਦਾਸਪੁਰ 29 ਅਕਤੂਬਰ। ਗੁਰਦਾਸਪੁਰ ਦੇ ਨਜ਼ਦੀਕੀ ਪਿੰਡ ਅਲੀਸ਼ੇਰ ਵਿਖੇ ਪੇਂਟ ਦਾ ਕੰਮ ਕਰਨ ਵਾਲੇ ਛਿੰਦਾ ਨਾਂ ਦੇ ਇੱਕ ਵਿਅਕਤੀ ਵੱਲੋਂ ਕੁੱਝ ਦਿਨ ਪਹਿਲਾਂ ਜ਼ਹਿਰੀਲੀ ਦਵਾਈ ਪੀ ਲਈ ਗਈ ਸੀ। ਬੀਤੇ ਦਿਨ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਦੌਰਾਨ ਉਸ ਦੀ ਇੱਕ ਵੀਡੀਓ ਵਾਇਰਲ ਹੋਈ, ਜਿਸ 'ਚ ਉਹ ਪਿੰਡ ਦੇ ਹੀ ਪਿਓ-ਪੁੱਤ 'ਤੇ ਦੋਸ਼ ਲਗਾ ਰਿਹਾ ਹੈ ਕਿ ਉਨ੍ਹਾਂ ਵੱਲੋਂ ਉਸ ਨੂੰ ਨਾਜਾਇਜ਼ ਤੌਰ ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਉਸ ਨੇ ਕਿਸੇ ਦੇ ਪੈਸੇ ਦੇਣੇ ਸੀ ਪਰ ਇਨ੍ਹਾਂ ਪਿਓ-ਪੁੱਤ ਦਾ ਉਨ੍ਹਾਂ ਪੈਸਿਆਂ ਨਾਲ ਕੋਈ ਵਾਸਤਾ ਨਹੀਂ ਹੈ, ਫਿਰ ਵੀ ਉਹ ਮਾਲਕ ਦੀ ਦੁਕਾਨ 'ਤੇ ਆ ਕੇ ਉਸ ਨੂੰ ਜ਼ਲੀਲ ਕਰਦੇ ਸਨ, ਜਿਸ ਤੋਂ ਦੁਖੀ ਹੋ ਕੇ ਉਸ ਨੇ ਇਹ ਕਦਮ ਚੁੱਕਿਆ ਹੈ। ਉਧਰ ਛਿੰਦਾ ਦੇ ਬੇਟੇ ਲਵ ਅਤੇ ਪਤਨੀ ਅੰਜੂ ਨੇ ਦੱਸਿਆ ਕਿ ਪਿੰਡ ਦੇ ਹੀ ਦੋ ਵਿਅਕਤੀਆਂ ਵੱਲੋਂ ਛਿੰਦਾ ਨੂੰ ਤੰਗ-ਪਰੇਸ਼ਾਨ ਕੀਤਾ ਜਾਂਦਾ ਸੀ ਅਤੇ ਕਿਸੇ ਝੂਠੇ ਕੇਸ 'ਚ ਫਸਾਉਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਸੀ। ਇਸ ਕਾਰਨ ਉਹ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿਣ ਲੱਗ ਪਿਆ ਸੀ ਅਤੇ ਬੀਤੇ ਦਿਨੀਂ ਉਸ ਨੇ ਕੋਈ ਜ਼ਹਿਰੀਲੀ ਦਵਾਈ ਪੀ ਲਈ। ਉਸ ਨੂੰ ਇਲਾਜ ਲਈ ਪਹਿਲਾਂ ਸਰਕਾਰੀ ਹਸਪਤਾਲ ਅਤੇ ਫਿਰ ਨਿੱਜੀ ਹਸਪਤਾਲ ਲਿਜਾਇਆ ਗਿਆ। ਜਦੋਂ ਉਸ ਦੀ ਹਾਲਤ ਜ਼ਿਆਦਾ ਵਿਗੜੀ ਤਾਂ ਉਸ ਨੂੰ ਲੁਧਿਆਣੇ ਲੈ ਕੇ ਜਾ ਰਹੇ ਸੀ ਕਿ ਰਸਤੇ ਵਿੱਚ ਹੀ ਉਸਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਮਰਨ ਤੋਂ ਪਹਿਲਾਂ ਛਿੰਦੇ ਨੇ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਸੀ ਅਤੇ ਇਸ ਦੀ ਰਿਕਾਰਡਿੰਗ ਵੀ ਵਾਇਰਲ ਹੋਈ ਹੈ। ਉਧਰ ਸਬੰਧਿਤ ਜੋੜਾ ਚੌਕੀ ਦੇ ਇੰਚਾਰਜ ਸਤਿੰਦਰ ਸਿੰਘ ਨੇ ਦੱਸਿਆ ਕਿ ਕੁੱਝ ਦਿਨ ਪਹਿਲਾਂ ਪਿੰਡ ਅਲੀਸ਼ੇਰ ਦੇ ਰਹਿਣ ਵਾਲੇ ਛਿੰਦਾ ਵੱਲੋਂ ਜ਼ਹਿਰੀਲੀ ਦਵਾਈ ਖਾਧੀ ਗਈ ਸੀ, ਜਿਸ ਦੇ ਬਿਆਨ ਸਰਕਾਰੀ ਹਸਪਤਾਲ 'ਚ ਜਾ ਕੇ ਲਏ ਗਏ ਸਨ। ਹੁਣ ਉਸ ਦੀ ਮੌਤ ਹੋ ਗਈ ਹੈ ਅਤੇ ਪਰਿਵਾਰਕ ਮੈਂਬਰਾਂ ਦੇ ਬਿਆਨ ਲੈ ਕੇ ਜਾਂਚ ਕੀਤੀ ਜਾਵੇਗੀ। ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਉਸ ਦੇ ਖ਼?ਲਾਫ਼ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਵਾਤਾਵਰਣ ਲਈ ਸਭ ਤੋਂ ਵਧੇਰੇ ਚਿੰਤਤ ਹਨ

ਨਵੀਂ ਦਿੱਲੀ 29 ਅਕਤੂਬਰ। ਵਾਤਾਵਰਣ ਸੁਰੱਖਿਆ 1981 ਤੋਂ ਲੈ ਕੇ 2012 ਵਿਚਾਲੇ ਜਨਮੇ Gen-G ਅਤੇ ਮਿਲੇਨੀਅਲ ਨੌਜਵਾਨਾਂ ਲਈ ਸਭ ਤੋਂ ਵੱਡੀ ਚਿੰਤਾ ਦਾ ਕਾਰਨ ਹੈ ਅਤੇ ਇਹ ਚਿੰਤਾ ਉਨ੍ਹਾਂ ਦੇ ਕਰੀਅਰ ਅਤੇ ਖਪਤ ਵਿਕਲਪਾਂ ਨੂੰ ਵੀ ਪ੍ਰਭਾਵਿਤ ਕਰ ਹੀ ਹੈ। ਇਕ ਸਰਵੇਖਣ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਡੇਲੋਇਟ ਗਲੋਬਲ ਨੇ ਇਹ ਸਰਵੇਖਣ 1981 ਤੋਂ ਲੈ ਕੇ 1996 ਵਿਚਾਲੇ ਜਨਮੀ ਮਿਲੇਨੀਅਲ ਪੀੜ੍ਹੀ ਅਤੇ 1997 ਤੋਂ ਲੈ ਕੇ 2012 ਵਿਚਾਲੇ ਜਨਮੀ Gen-G ਪੀੜ੍ਹੀ ਦੇ ਨੌਜਵਾਨਾਂ ਵਿਚਾਲੇ ਕਰਾਇਆ ਹੈ। ਇਸ ਸਰਵੇਖਣ ਅਨੁਸਾਰ 65 ਫੀਸਦੀ Gen-G ਅਤੇ 63 ਫੀਸਦੀ ਮਿਲੇਨੀਅਲ ਨੌਜਵਾਨ ਵਾਤਾਵਰਣ ਨੂੰ ਲੈ ਕੇ ਚਿੰਤਤ ਹਨ ਅਤੇ ਟਿਕਾਊ ਉਤਪਾਦਾਂ ਅਤੇ ਸੇਵਾਵਾਂ ਲਈ ਵੱਧ ਕੀਮਤ ਚੁਕਾਉਣ ਨੂੰ ਵੀ ਤਿਆਰ ਹਨ। ਰਿਪੋਰਟ ਕਹਿੰਦੀ ਹੈ ਕਿ 23 ਫੀਸਦੀ Gen-G ਅਤੇ 22 ਫੀਸਦੀ ਮਿਲੇਨੀਅਲ ਨੌਜਵਾਨਾਂ ਨੇ ਕਿਸੇ ਕੰਪਨੀ ਦੀਆਂ ਵਾਤਾਵਰਣੀ ਨੀਤੀਆਂ ਦੀ ਜਾਣਕਾਰੀ ਲੈਣ ਤੋਂ ਬਾਅਦ ਹੀ ਨੌਕਰੀ ਦੀ ਪੇਸ਼ਕਸ਼ ਸਵੀਕਾਰ ਕੀਤੀ। ਇਸ ਤੋਂ ਇਲਾਵਾ 17 ਫੀਸਦੀ Gen-G ਅਤੇ 19 ਫੀਸਦੀ ਮਿਲੇਨੀਅਲ ਨੌਜਵਾਨ ਪਹਿਲਾਂ ਹੀ ਇਲੈਕਟ੍ਰਿਕ ਅਤੇ ਹਾਈਬ੍ਰਿਡ ਵਾਹਨ ਖਰੀਦ ਚੁੱਕੇ ਹਨ ਜਦੋਂ ਕਿ 45 ਫੀਸਦੀ ਨੌਜਵਾਨ ਭਵਿੱਖ 'ਚ ਅਜਿਹਾ ਕਰਨ ਦੀ ਯੋਜਨਾ ਬਣਾ ਰਹੇ ਹਨ। ਟਿਕਾਊ ਜੀਵਨਸ਼ੈਲੀ ਦੀ ਦਿਸ਼ਾ 'ਚ ਕਦਮ ਵਧਾਉਂਦੇ ਹੋਏ 26 ਫੀਸਦੀ Gen-G ਅਤੇ 27 ਫੀਸਦੀ ਮਿਲੇਨੀਅਲ ਨੌਜਵਾਨਾਂ ਨੇ ਆਪਣੇ ਘਰ 'ਚ ਸੌਰ ਪੈਨਲ ਵਰਗੀਆਂ ਵਾਤਾਵਰਣ ਅਨੁਕੂਲ ਤਕਨੀਕਾਂ ਲਗਾਈਆਂ ਹਨ। ਕੇਈਪੀ ਇੰਜੀਨੀਅਰਿੰਗ ਦੇ ਪ੍ਰਬੰਧ ਨਿਰਦੇਸ਼ਕ ਮਾਲੂ ਕਾਂਬਲੇ ਨੇ ਕਿਹਾ ਕਿ ਭਾਰਤ ਦੀ ਤਕਨਾਲੋਜੀ ਸਮਰੱਥਾ ਨਾਲ ਲੈੱਸ ਨਵੀਂ ਪੀੜ੍ਹੀ ਸਵੱਛ ਤਕਨਾਲੋਜੀ, ਸਰੋਤਾਂ ਦੇ ਵੱਧ ਤੋਂ ਵੱਧ ਇਸਤੇਮਾਲ ਵਾਲੀ ਸਰਕੂਲਰ ਅਰਥਵਿਵਸਥਾ ਅਤੇ ਕਾਰਪੋਰੇਟ ਜਵਾਬਦੇਹੀ ਨੂੰ ਨਵੀਂ ਦਿਸ਼ਾ ਦੇ ਰਹੀ ਹੈ। ਇਸ ਰੁਝਾਨ ਨਾਲ ਕੰਪਨੀਆਂ ਵੀ ਵਾਤਾਵਰਣ ਅਨੁਕੂਲ ਉਤਪਾਦਾਂ ਦੀ ਪੇਸ਼ਕਸ਼ ਲਈ ਮਜ਼ਬੂਰ ਹੋ ਰਹੀਆਂ ਹਨ। ਇਹ ਸਰਵੇਖਣ 44 ਦੇਸ਼ਾਂ ਦੇ ਕੁੱਲ 23,482 ਨੌਜਵਾਨਾਂ ਦੇ ਵਿਚਾਰਾਂ 'ਤੇ ਆਧਾਰਤ ਹੈ।

ਦਿੱਲੀ ਯੂਨੀਵਰਸਿਟੀ ਦੀ ਵਿਦਿਆਰਥਣ 'ਤੇ ਐਸਿਡ ਅਟੈਕ, ਕਾਲਜ ਦੇ ਨੇੜੇ ਹੀ ਵਾਰਦਾਤ ਨੂੰ ਦਿੱਤਾ ਅੰਜਾਮ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 29 ਅਕਤੂਬਰ। ਐਤਵਾਰ ਨੂੰ ਉੱਤਰ-ਪੱਛਮੀ ਦਿੱਲੀ ਦੇ ਲਕਸ਼ਮੀਬਾਈ ਕਾਲਜ ਨੇੜੇ ਦਿੱਲੀ ਯੂਨੀਵਰਸਿਟੀ ਦੀ ਦੂਜੇ ਸਾਲ ਦੀ ਇੱਕ ਵਿਦਿਆਰਥਣ 'ਤੇ ਤੇਜ਼ਾਬ ਨਾਲ ਹਮਲਾ ਕੀਤਾ ਗਿਆ। ਪੁਲਸ ਦੇ ਅਨੁਸਾਰ, ਇਹ ਹਮਲਾ ਕਾਲਜ ਤੋਂ ਥੋੜ੍ਹੀ ਦੂਰੀ 'ਤੇ ਹੋਇਆ ਜਦੋਂ ਪੀੜਤਾ ਆਪਣੇ ਕਾਲਜ ਜਾ ਰਹੀ ਸੀ। ਪੀੜਤਾ ਆਪਣੇ ਚਿਹਰੇ ਨੂੰ ਬਚਾਉਣ ਵਿੱਚ ਕਾਮਯਾਬ ਰਹੀ ਪਰ ਉਸਦੇ ਹੱਥ ਵਿੱਚ ਜਲਣ ਲੱਗ ਪਈ। ਬਿਆਨ ਦੇ ਆਧਾਰ 'ਤੇ, ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਘਟਨਾ ਸਵੇਰੇ 10 ਵਜੇ ਦੇ ਕਰੀਬ ਵਾਪਰੀ ਜਦੋਂ ਲੜਕੀ 'ਤੇ ਇੱਕ ਜਲਣਸ਼ੀਲ ਪਦਾਰਥ ਸੁੱਟਿਆ ਗਿਆ। ਹਮਲੇ ਤੋਂ ਤੁਰੰਤ ਬਾਅਦ, ਲੋਕਾਂ ਨੇ ਲੜਕੀ ਨੂੰ ਰਾਹਤ ਦੇਣ ਦੀ ਕੋਸ਼ਿਸ਼ ਕੀਤੀ ਅਤੇ ਉਸਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ। ਹਸਪਤਾਲ ਨੇ ਦੱਸਿਆ ਕਿ ਪੀੜਤਾ ਦੇ ਹੱਥਾਂ ਵਿੱਚ ਸੱਟਾਂ ਲੱਗੀਆਂ ਹਨ ਅਤੇ ਉਸਦਾ ਇਲਾਜ ਕੀਤਾ ਜਾ ਰਿਹਾ ਹੈ। ਦਿੱਲੀ ਪੁਲਸ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁਕੰਦਪੁਰ ਦੀ ਇੱਕ 20 ਸਾਲਾ ਲੜਕੀ 'ਤੇ ਤੇਜ਼ਾਬ ਨਾਲ

ਹਮਲਾ ਹੋਣ ਦੀ ਰਿਪੋਰਟ ਮਿਲੀ ਹੈ। ਪੀੜਤਾ ਨੇ ਦੱਸਿਆ ਕਿ ਉਹ ਦੂਜੇ ਸਾਲ (ਗੈਰ-ਕਾਲਜ) ਦੀ ਵਿਦਿਆਰਥਣ ਸੀ ਅਤੇ ਆਪਣੀ ਕਲਾਸ ਲਈ ਅਸ਼ੋਕ ਵਿਹਾਰ ਦੇ ਲਕਸ਼ਮੀਬਾਈ ਕਾਲਜ ਜਾ ਰਹੀ ਸੀ। ਜਦੋਂ ਉਹ ਕਾਲਜ ਵੱਲ ਜਾ ਰਹੀ ਸੀ, ਤਾਂ ਜਤਿੰਦਰ, ਉਸਦਾ ਇੱਕ ਜਾਣਕਾਰ ਅਤੇ ਮੁਕੰਦਪੁਰ ਦਾ ਰਹਿਣ ਵਾਲਾ, ਆਪਣੇ ਦੋਸਤਾਂ, ਈਸ਼ਾਨ ਅਤੇ ਅਰਮਾਨ ਨਾਲ ਮੋਟਰਸਾਈਕਲ 'ਤੇ ਆਇਆ। ਦੋਸ਼ ਹੈ ਕਿ ਈਸ਼ਾਨ ਨੇ ਅਰਮਾਨ ਨੂੰ ਇੱਕ ਬੋਤਲ ਦਿੱਤੀ, ਜਿਸਨੇ ਉਸ 'ਤੇ ਤੇਜ਼ਾਬ ਸੁੱਟ ਦਿੱਤਾ। ਪੀੜਤਾ ਨੇ ਆਪਣਾ ਚਿਹਰਾ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਸਦੇ ਦੋਵੇਂ ਹੱਥ ਸੜ ਗਏ। ਦੋਸ਼ੀ ਮੌਕੇ ਤੋਂ ਭੱਜ ਗਿਆ। ਪੀੜਤਾ ਦੇ ਅਨੁਸਾਰ, ਜਤਿੰਦਰ ਉਸਦਾ ਪਿੱਛਾ ਕਰ ਰਿਹਾ ਸੀ ਅਤੇ ਉਨ੍ਹਾਂ ਵਿੱਚ ਲਗਭਗ ਇੱਕ ਮਹੀਨਾ ਪਹਿਲਾਂ ਗਰਮਾ-ਗਰਮ ਬਹਿਸ ਹੋਈ ਸੀ। ਅਪਰਾਧ ਸਥਾਨ ਅਤੇ FSL ਟੀਮ ਨੇ ਅਪਰਾਧ ਸਥਾਨ ਦਾ ਮੁਆਇਨਾ ਕੀਤਾ। ਪੀੜਤਾ ਦੇ ਬਿਆਨ ਅਤੇ ਸੱਟਾਂ ਦੀ ਪ੍ਰਕਿਰਤੀ ਦੇ ਆਧਾਰ 'ਤੇ, BNS ਦੀਆਂ ਸੰਬੰਧਿਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।4" ਨੇ ਫੈਕਲਟੀ ਭਰਤੀ ਲਈ ਨੋਟੀਫਿਕੇਸ਼ਨ ਜਾਰੀ ਕੀਤਾ, ਚੋਣ ਬਿਨਾਂ ਜਾਂਚ ਦੇ ਕੀਤੀ ਜਾਵੇਗੀ। ਕਈ ਪੁਲਸ ਟੀਮਾਂ ਘਟਨਾ ਸਥਾਨ ਅਤੇ ਆਲੇ ਦੁਆਲੇ ਦੇ ਖੇਤਰ ਦੀ ਜਾਂਚ ਕਰ ਰਹੀਆਂ ਹਨ। ਸੀਸੀਟੀਵੀ ਫੁਟੇਜ ਅਤੇ ਰਾਹਗੀਰਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਪੁਲਸ ਇਹ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕੀ ਕੋਈ ਪਿਛਲਾ ਵਿਵਾਦ ਹਮਲੇ ਦਾ ਕਾਰਨ ਸੀ।

ਅਕਾਲ ਅਕੈਡਮੀ ਢੋਟੀਆਂ ਵੱਲੋਂ ਵਿਦਿਆਰਥੀਆਂ ਦੇ ਸਿੱਖਿਆਤਮਕ ਦੌਰੇ ਦਾ ਆਯੋਜਨ

ਸੰਗਰੂਰ, 29 ਅਕਤੂਬਰ। ਕਲਗੀਧਰ ਟਰਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਢੋਟੀਆਂ ਵੱਲੋਂ ਕਲਾਸ ਪਹਿਲੀ ਤੋਂ ਚੌਥੀ ਤੱਕ ਦੇ ਵਿਦਿਆਰਥੀਆਂ ਲਈ ਸਿੱਖਿਆਤਮਕ ਦੌਰੇ ਦਾ ਆਯੋਜਨ ਕੀਤਾ ਗਿਆ। ਇਹ ਦੌਰਾ ਵਿਦਿਆਰਥੀਆਂ ਨੂੰ ਕਿਤਾਬਾਂ ਤੋਂ ਬਾਹਰ ਪ੍ਰਯੋਗਕ ਗਿਆਨ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਸੀ, ਤਾਂ ਜੋ ਉਹ ਸਮਾਜਿਕ ਸੇਵਾਵਾਂ ਅਤੇ ਸਰਕਾਰੀ ਸਥਾਨਾਂ ਨਾਲ ਨਜ਼ਦੀਕੀ ਤਜਰਬਾ ਪ੍ਰਾਪਤ ਕਰ ਸਕਣ। ਇਸ ਦੌਰਾਨ ਵਿਦਿਆਰਥੀਆਂ ਨੇ ਤਰਨ ਤਾਰਨ ਦੇ ਪੁਲਿਸ ਥਾਣੇ, ਡਾਕਘਰ, ਸਿਵਲ ਹਸਪਤਾਲ ਅਤੇ ਦਰਬਾਰ ਸਾਹਿਬ ਤਰਨ ਤਾਰਨ ਦਾ ਦੌਰਾ ਕੀਤਾ। ਪੁਲ